Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 148 Thursday, August 01, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

TOP 4% TREB REALTOR 2018
Buy With $0 Down Program
Royal Canadian Realty, Brokerage
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਖ਼ੁਸ਼ਹਾਲੀ ਲਈ ਤੁਸੀਂ ਸ਼ਾਰਟਕੱਟ ਨਹੀਂ ਅਪਣਾ ਸਕਦੇ : ਟਰੂਡੋ




ਓਟਵਾ, 31 ਜੁਲਾਈ (ਪੋਸਟ ਬਿਊਰੋ) : ਚੋਣਾਂ ਦੀ ਤਰੀਕ ਤੋਂ ਪਹਿਲਾਂ ਬਚੇ 82 ਦਿਨਾਂ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਆਪਣੇ ਉਮੀਦਵਾਰਾਂ ਲਈ ਟਰੇਨਿੰਗ ਸੈਸ਼ਨ ਲਾਇਆ ਜਾ ਰਿਹਾ ਹੈ। ਉਨ੍ਹਾਂ ਆਪਣੇ ਉਮੀਦਵਾਰਾਂ ਨਾਲ ਗੱਲ ਕਰਦਿਆਂ ਆਖਿਆ ਕਿ ਕੈਨੇਡੀਅਨਾਂ ਨੂੰ ਜਾਂ ਤਾਂ ਕਟੌਤੀਆਂ ਤੇ ਖਰਚਿਆਂ ਨੂੰ ਘਟਾਉਣ ਲਈ ਕੀਤੀਆਂ ਜਾਣ ਵਾਲੀਆਂ ਆਰਥਿਕ ਕਟੌਤੀਆਂ ਵਾਲੀ ਸਰਕਾਰ ਚੁਣਨੀ ਹੋਵੇਗੀ ਤੇ ਜਾਂ ਫਿਰ ਕੈਨੇਡੀਅਨਾਂ ਵਿੱਚ ਨਿਵੇਸ਼ ਕਰਨ ਵਾਲੀ ਸਰਕਾਰ ਦੀ ਚੋਣ ਕਰਨੀ ਹੋਵੇਗੀ। ਚੋਣਾਂ ਲਈ ਲਿਬਰਲ ਟੋਨ ਸੈੱਟ ਕਰਦਿਆਂ ਹੋਇਆਂ ਟਰੂਡੋ ਨੇ ਆਖਿਆ ਕਿ ਮੱਧ ਵਰਗ ਹੁਣ ਇੱਕ ਹੋਰ ਡੱਗ ਫੋਰਡ ਬਰਦਾਸ਼ਤ ਨਹੀਂ ਕਰ ਸਕੇਗਾ। ਇੱਥੇ ਟਰੂਡੋ ਨੇ ਫੈਡਰਲ ਕੰਜ਼ਰਵੇਟਿਵ ਆਗੂ ਐਂਡਰੀਊ ਸ਼ੀਅਰ ਦੀ ਤੁਲਨਾ ਓਨਟਾਰੀਓ ਦੇ ਪੀਸੀ ਪ੍ਰੀਮੀਅਰ ਫੋਰਡ ਨਾਲ ਕੀਤੀ।

ਫੋਰਡ ਵੱਲੋਂ ਪਿੱਛੇ ਜਿਹੇ ਹੋਈਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਦਿੱਤੇ ਗਏ ਨਾਅਰੇ ਦਾ ਹਵਾਲਾ ਦਿੰਦਿਆਂ ਟਰੂਡੋ ਨੇ ਆਖਿਆ ਕਿ ਕੰਜ਼ਰਵੇਟਿਵ ਸਿਆਸਤਦਾਨਾਂ ਨੂੰ ਇਹ ਆਖਣਾ ਬੜਾ ਪਸੰਦ ਹੈ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਲਈ ਹੈ, ਪਰ ਅਸੀਂ ਸਾਰੇ ਜਾਣਦੇ ਹਾਂ ਕਿ ਇੱਕ ਵਾਰੀ ਸੱਤਾ ਹੱਥ ਵਿੱਚ ਆਉਣ ਤੋਂ ਬਾਅਦ ਉਹ ਕੀ ਕਰਦੇ ਹਨ। ਅਸੀਂ ਕਈ ਵਾਰੀ ਇਹ ਵੇਖ ਚੁੱਕੇ ਹਾਂ ਕਿ ਉਹ ਅਮੀਰਾਂ ਦੀ ਮਦਦ ਲਈ ਕਿਸ ਹੱਦ ਤੱਕ ਜਾ ਸਕਦੇ ਹਨ, ਜਨਤਾ ਦੀ ਸਿਹਤ ਸਬੰਧੀ ਕਟੌਤੀਆਂ ਕਰਦਿਆਂ ਨੂੰ ਉਨ੍ਹਾਂ ਨੂੰ ਕੋਈ ਦੇਰ ਨਹੀਂ ਲੱਗਦੀ, ਮਿਊਂਸਪੈਲਿਟੀਜ਼ ਵਿੱਚ ਕਟੌਤੀਆਂ, ਸਿੱਖਿਆ ਵਿੱਚ ਕਟੌਤੀਆਂ, ਜਿਨ੍ਹਾਂ ਸੇਵਾਵਾਂ ਉੱਤੇ ਕੈਨੇਡੀਅਨ ਨਿਰਭਰ ਕਰਦੇ ਹਨ ਉਨ੍ਹਾਂ ਵਿੱਚ ਕਟੌਤੀਆਂ ਰਾਹੀਂ ਉਹ ਸਰਕਾਰ ਚਲਾਉਣੀ ਚਾਹੁੰਦੇ ਹਨ ਕਿਉਂਕਿ ਉਹ ਇਹ ਨਹੀਂ ਸਮਝਦੇ ਕਿ ਤੁਸੀਂ ਖੁਸ਼ਹਾਲੀ ਲਈ ਸ਼ਾਰਟਕੱਟ ਨਹੀਂ ਅਪਣਾ ਸਕਦੇ। ਟਰੂਡੋ ਨੇ ਆਖਿਆ ਕਿ ਉਹ ਜਾਣਦੇ ਹਨ ਕਿ ਇਸ ਕਮਰੇ ਵਿੱਚ ਮੌਜੂਦ ਸਾਰੇ ਉਮੀਦਵਾਰ ਆਪਣੀਆਂ ਕਮਿਊਨਿਟੀਜ਼ ਵਿੱਚ ਕਮਾਲ ਦਾ ਕੰਮ ਕਰਨਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਉਹ ਖੁਦ ਵੀ ਇਹੀ ਸੋਚ ਲੈ ਕੇ ਇੱਥੇ ਆਏ ਹਨ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਫੰਡਰੇਜ਼ਿੰਗ ਦੇ ਮਾਮਲੇ ਵਿੱਚ ਟੋਰੀਜ਼ ਨੇ ਲਿਬਰਲਾਂ ਤੋਂ ਮਾਰੀ ਬਾਜ਼ੀ



ਪੰਨਾ 3

ਕਲੋਜ਼ਰ ਰਿਪੋਰਟ ਕੈਪਟਨ ਅਮਰਿੰਦਰ ਵੱਲੋਂ ਰੱਦ



ਪੰਨਾ 4

## ਟਾਕ ਸ਼ੋਅ ਦੇ ਬਾਦਸ਼ਾਹ ਜੋਗਿੰਦਰ ਬਾਸੀ ਅੱਜ ਤੋਂ 1610 ਏ ਐੱਮ ਉਤੇ



ਬਰੈਂਪਟਨ, 31 ਜੁਲਾਈ (ਪੋਸਟ ਬਿਊਰੋ)- ਪਿਛਲੇ 35 ਸਾਲਾਂ ਤੋ 88.9 ਐਫਐਮ ਰੇਡੀਓ ਉਤੇ ਗਾਉਂਦਾ ਪੰਜਾਬ ਪ੍ਰੋਗਰਾਮ ਚਲਾ ਰਹੇ ਜੋਗਿੰਦਰ ਬਾਸੀ ਨੇ ਦੱਸਿਆ ਕਿ ਅੱਜ ਤੋਂ ਉਹ ਨਵੀਂ ਫ੍ਰੀਕਵੈਂਸੀ 1610 ਏਐਮ ਉਤੇ ਸਵੇਰੇ 10 ਤੋਂ 12 ਵਜੇ ਤੱਕ ਅਤੇ ਰਾਤ ਨੂੰ 12 ਤੋਂ 4 ਵਜੇ ਤੱਕ ਗਾਉਂਦਾ ਪੰਜਾਬ ਰੇਡੀਓ ਪ੍ਰੋਗਰਾਮ ਪੇਸ਼ ਕਰਿਆ ਕਰਨਗੇ। 88.9 ਦੀ ਮਲਕੀਅਤ ਵਿਚ ਤਬਦੀਲੀ ਹੋਣ ਕਾਰਨ ਉਥੇ ਬਹੁਤ ਸਾਰੇ ਪੋਗਰਾਮਾਂ ਵਿਚ ਤਬਦੀਲੀ ਕੀਤੀ ਗਈ ਹੈ। ਜੋਗਿੰਦਰ ਬਾਸੀ ਨੇ ਦੱਸਿਆ ਕਿ 1610 ਏਐਮ ਦੂਰ ਤੱਕ ਸੁਣਿਆ ਜਾਣ ਵਾਲਾ ਚੈਨਲ ਹੈ ਅਤੇ ਹਰ ਰੋਜ਼ 10 ਤੋਂ 12 ਖਬਰਾਂ ਦਾ ਬੁਲੇਟਨ, ਟਾਕ ਸ਼ੋਅ ਅਤੇ ਹੋਰ ਜਾਣਕਾਰੀ ਭਰਪੂਰ ਪ੍ਰੋਗਰਾਮ ਪੇਸ਼ ਕਰਿਆ ਕਰਨਗੇ। ਉਨ੍ਹਾਂ ਨਾਲ ਗੱਲਬਾਤ ਕਰਨ ਲਈ 905-799-4744 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਲਿਬਰਲ ਐਮਪੀਪੀ ਨੇ ਦਿੱਤਾ ਅਸਤੀਫਾ



ਓਨਟਾਰੀਓ, 31 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਨੂੰ ਲਿਬਰਲ ਐਮਪੀਪੀ ਨਥਾਲੀ ਡੈਸ ਰੋਜ਼ੀਅਰ ਨੇ ਓਨਟਾਰੀਓ ਵਿਧਾਨਸਭਾ ਤੋਂ ਅਸਤੀਫਾ ਦੇ ਦਿੱਤਾ। ਐਮਪੀਪੀ ਬਣਨ ਤੋਂ ਤਿੰਨ ਸਾਲ ਤੋਂ ਵੀ ਘੱਟ ਸਮੇਂ ਵਿੱਚ ਰੋਜ਼ੀਅਰ ਵੱਲੋਂ ਇਹ ਅਸਤੀਫਾ ਦਿੱਤਾ ਗਿਆ ਹੈ। ਹੁਣ ਉਹ ਟੋਰਾਂਟੋ ਦੇ ਮੈਸੀ ਕਾਲਜ ਦੀ ਪ੍ਰੈਜ਼ੀਡੈਂਟ ਬਣਨ ਦੀ ਤਿਆਰੀ ਕਰ ਰਹੀ ਹੈ।

ਰੋਜ਼ੀਅਰ ਨੇ ਆਖਿਆ ਕਿ ਓਟਵਾ-ਵੇਨੀਅਰ ਦੇ ਐਮਪੀਪੀ ਵਜੋਂ ਦਿੱਤਾ ਗਿਆ ਉਨ੍ਹਾਂ ਦਾ ਇਹ ਅਸਤੀਫਾ ਫੌਰੀ ਪ੍ਰਭਾਵ ਤੋਂ ਲਾਗੂ ਹੋਵੇਗਾ।

...ਬਾਕੀ ਪੰਨਾ 6 'ਤੇ

## ਤੀਜ ਮੇਲਾ ਇਸ ਸ਼ਨਿੱਚਰਵਾਰ ਨੂੰ



ਮਿਸੀਸਾਗਾ, 31 ਜੁਲਾਈ (ਪੋਸਟ ਬਿਊਰੋ)- ਵਿਰਾਸਤ ਆਰਟ ਐਂਡ ਕਲਚਰ ਅਤੇ ਬ੍ਰਾਈਟ ਇੰਟਰਟੇਨਮੈਂਨ ਵੱਲੋਂ ਤ੍ਰਿੰਝਣਾਂ ਤੀਜ ਦਾ ਮੇਲਾ 3 ਅਗਸਤ ਦਿਨ ਸ਼ਨਿਚਰਵਾਰ ਨੂੰ ਮਾਲਟਨ ਦੇ ਗ੍ਰੇਟ ਪੰਜਾਬ ਪਲਾਜ਼ਾ ਵਿਚ ਕਰਵਾਇਆ ਜਾ ਰਿਹਾ ਹੈ। ਇਸ ਵਿਚ ਚੋਟੀ ਦੇ ਪੰਜਾਬੀ ਗਾਇਕ, ਜਿਨ੍ਹਾਂ ਵਿਚ ਗੈਰੀ ਸੰਧੂ, ਦਿਲਪ੍ਰੀਤ ਢਿੱਲੋਂ, ਸਿੱਪੀ ਗਿੱਲ, ਜਸ ਬਾਜਵਾ, ਗੁਰਲੇਜ ਅਖਤਰ, ਜਿੰਮੀ ਕਲੇਰ, ਜੱਸੀ ਕੌਰ, ਐਚ ਸਾਬ, ਟਿਮ ਰਾਏਕੋਟੀ, ਬਾਨੀ ਸੰਧੂ ਅਤੇ ਕੁਲਵਿੰਦਰ ਕੈਲੀ ਆਦਿ ਕਲਾਕਾਰ ਸ਼ਾਮਿਲ ਹੋਣ ਜਾ ਰਹੇ ਹਨ।

...ਬਾਕੀ ਪੰਨਾ 14 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6
Axcel Insurance Brokers Ltd.

ALLKIND INSURANCE
NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
oHome oAuto
oBusiness oTrucking
oLife Insurance oCommercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

KELLEY LAW OFFICE
Immigration, Real Estate
Family Law, Business Closing
Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
*Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ*
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr

# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

**KITCHEN CABINET**
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

**Free Estimate**

100% Satisfaction

We Specialize in granite, quartz & marble countertops



KITCHEN CABINET



WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**

# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi



# TCMPLUS
**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**
- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder

1st Month Discount

**FREE CONSULTATION:** **905-415-6999**
30 Wertheim court, Unit 11, Richmond Hill

# SASH FLEET HOLDING LTD
Established since 2007

**NOW HIRING!!!**
**AZ DRIVERS FOR US**
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

**HIRING!!! Operations Manager**
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.



Send all resume to recuit@sashts.com

NEW
**NATION-WIDE. NO ZONES.**
TALK, TEXT & DATA PLANS
**$35/MO.**

**Data everywhere. No surprise charges anywhere.**

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਕਹਿ ਰਹੇ ਲੋਕ ਕਿ ਅੰਦਰ ਅਕਾਲੀਆਂ ਦੇ,
ਬਦਲਦੀ ਲੱਗਦੀ ਹੈ ਹਾਈ ਕਮਾਨ ਭਾਈ।
ਪਿੱਛੇ ਹਟਦਾ ਈ ਜਾਂਦਾ ਸੁਖਬੀਰ ਬਾਦਲ,
ਦੇਂਦਾ ਬਿਕਰਮ ਹੈ ਸਖਤ ਬਿਆਨ ਭਾਈ।
ਜਿਹੜੇ ਦੇਂਦਾ ਬਿਆਨ ਸੁਖਬੀਰ ਬਾਦਲ,
ਹੁੰਦੀ ਉਨ੍ਹਾਂ ਦੇ ਅੰਦਰ ਨਹੀਂ ਜਾਨ ਭਾਈ।
ਨੀਤੀ ਝਲਕ ਰਹੀ ਕੀਹਦੇ ਬਿਆਨ ਵਿੱਚੋਂ,
ਲੱਗ ਪਏ ਲੋਕ ਇਹ ਦੇਣ ਧਿਆਨ ਭਾਈ।
ਸਪੀਕਰ ਕੋਲ ਵੀ ਪਾਰਟੀ ਜਦੋਂ ਪਹੁੰਚੀ,
ਗਈ ਸੀ ਭਾਜਪਾ ਨੂੰ ਲੈ ਕੇ ਨਾਲ ਭਾਈ।
ਮੂਹਰੇ ਉਹਦੇ ਮਜੀਠੀਆ ਜਾ ਰਿਹਾ ਸੀ,
ਪਿੱਛੇ ਪਿੱਛੇ ਵਿਧਾਇਕਾਂ ਦੀ ਪਾਲ ਭਾਈ।

ਤੀਸ ਮਾਰ ਖਾਂ

# ਪਾਕਿ ਦੇ ਬਲੋਚਿਸਤਾਨ ਵਿੱਚ ਬੰਬ ਧਮਾਕਾ, 5 ਮੌਤਾਂ, 38 ਜ਼ਖ਼ਮੀ

### * ਅਫ਼ਗਾਨਿਸਤਾਨ ਵਿੱਚ ਅੱਤਵਾਦੀ ਹਮਲੇ ਵਿੱਚ 34 ਲੋਕਾਂ ਦੀ ਮੌਤ

ਕਰਾਚੀ, 31 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੋਚਿ-ਸਤਾਨ ਰਾਜ ਵਿੱਚ ਅੱਜ ਬੰਬ ਧਮਾਕੇ ਵਿੱਚ ਪੁਲਿਸ ਗੱਡੀ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਦੋ ਸੁਰੱਖਿਆਕਰਮੀਆਂ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ।

ਕਵੇਟਾ ਦੇ ਡੀ ਆਈ ਜੀਪੁਲਿਸ ਅਬਦੁਲ ਰਜ਼ਾਕ ਚੀਮਾ ਨੇ ਦੱਸਿਆ ਕਿ ਮੰਗਲਵਾਰ ਸਿਟੀ ਥਾਣਾ ਇਲਾਕੇ ਵਿੱਚ ਬੱਚਾ ਖ਼ਾਨ ਚੌਕ ਉੱਤੇ ਧਮਾਕਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਧਮਾਕੇ ਦਾ ਨਿਸ਼ਾਨਾ ਉਸ ਇਲਾਕੇ ਦੇ ਥਾਣੇ ਦਾ ਮੁਖੀ (ਐੱਸ ਐੱਚਓ) ਬਣਾਇਆ ਗਿਆ ਸੀ, ਜਿਸ ਨੂੰ ਕੁਝ ਸੱਟਾਂ ਲੱਗੀਆਂ ਹਨ ਤੇ ਉਸ ਨੂੰ ਹਸਪਤਾਲ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ, ਜਦੋਂਐੱਸ ਐੱਚ ਓ ਸ਼ਫਾਤ ਆਪਣੀ ਗੱਡੀਤੋਂਉੱਤਰਿਆਤਾਂ ਧਮਾਕਾ ਹੋ ਗਿਆ, ਜਿਸ ਵਿੱਚ ਦੋ ਪੁਲਿਸ ਵਾਲਿਆਂ ਸਮੇਤ 5 ਜਣੇ ਮਾਰੇ ਗਏ ਤੇ 38 ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਵਿੱਚ ਔਰਤਾਂ ਤੇ ਬੱਚੇ ਵੀ ਹਨ, ਜਿਨ੍ਹਾਂ ਵਿੱਚੋਂ 6 ਦੀ ਹਾਲਤ ਗੰਭੀਰ ਹੈ। ਇਸ ਸੂਬਾਈ ਰਾਜਧਾਨੀ ਵਿੱਚ ਪਿਛਲੇ 7 ਦਿਨਾਂ ਵਿੱਚ ਇਹ ਦੂਸਰਾ ਬੰਬ ਧਮਾਕਾ ਹੋਇਆ ਸੀ।

ਦੂਸਰੇ ਪਾਸੇ ਅਫ਼ਗਾਨਿਸਤਾਨ ਦੇ ਹੇਰਾਤ-ਕੰਧਾਰ ਹਾਈਵੇ ਉੱਤੇ ਬੁੱਧਵਾਰ ਸਵੇਰੇ ਸੜਕ ਕੰਢੇ ਬੰਬ ਧਮਾਕਾ ਹੋਣ ਨਾਲ ਔਰਤਾਂ ਤੇ ਬੱਚਿਆਂ ਸਣੇ ਘਟੋ-ਘੱਟ 34 ਲੋਕ ਮਾਰੇ ਗਏ। ਹਮਲੇ ਤੋਂਮਗਰੋਂ ਸੁਰੱਖਿਆ ਬਲਾਂ ਨੇ ਪੂਰਾ ਇਲਾਕਾ ਘੇਰ ਕੇ ਜਾਂਚ ਸ਼ੁਰੂ ਕੀਤੀ ਹੈ। ਕੰਧਾਰ ਸੂਬੇ ਦੇ ਭੀੜ-ਭੜੱਕੇ ਵਾਲੇ ਬਾਜ਼ਾਰ ਵਿੱਚ ਆਤਮਘਾਤੀ ਹਮਲੇ ਵਿੱਚ ਤਿੰਨ ਬੱਚਿਆਂ ਅਤੇ ਹੋਰ 23 ਲੋਕਾਂ ਦੀ ਮੌਤ ਦੇ ਤਿੰਨ ਦਿਨਾਂ ਪਿੱਛੋਂ ਇਹ ਹਮਲਾਕੀਤਾ ਗਿਆ ਹੈ। ਪਿਛਲੇ ਹਫ਼ਤੇ ਵਿੱਚ ਅਫ਼ਗਾਨਿਸਤਾਨ ਵਿੱਚ ਇਹ ਦੂਸਰਾ ਵੱਡਾ ਧਮਾਕਾ ਹੈ। ਪਹਿਲਾਂ ਕਾਬੁਲ ਵਿੱਚ ਵੀਰਵਾਰ ਤਿੰਨ ਧਮਾਕਿਆਂ ਵਿੱਚ 10 ਲੋਕਾਂ ਦੀ ਮੌਤ ਹੋ ਗਈ ਸੀ।



# ਦੂਜੀ ਤਿਮਾਹੀ ਵਿੱਚ ਫੰਡਰੇਜ਼ਿੰਗ ਦੇ ਮਾਮਲੇ ਵਿੱਚ ਟੋਰੀਜ਼ ਨੇ ਲਿਬਰਲਾਂ ਤੋਂ ਮਾਰੀ ਬਾਜ਼ੀ

### ਗ੍ਰੀਨ ਪਾਰਟੀ ਐਨਡੀਪੀ ਤੋਂ ਅੱਗੇ ਨਿਕਲੀ



ਓਟਵਾ, 31 ਜੁਲਾਈ (ਪੋਸਟ ਬਿਊਰੋ) : ਲਿਬਰਲ ਤੇ ਕੰਜ਼ਰਵੇਟਿਵ ਪਾਰਟੀਆਂ ਵੱਲੋਂ ਇਸ ਸਾਲ ਰਿਕਾਰਡ ਤੋੜ ਫੰਡਰੇਜ਼ਿੰਗ ਦੇ ਦਾਅਵੇ ਕੀਤੇ ਜਾ ਰਹੇ ਹਨ। ਦੋਵੇਂ ਧਿਰਾਂ ਇੱਕ ਦੂਜੀ ਤੋਂ ਵੱਧ ਚੜ੍ਹ ਕੇ ਫੜ੍ਹਾਂ ਮਾਰ ਰਹੀਆਂ ਹਨ।

ਇਲੈਕਸ਼ਨ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਕੰਜ਼ਰਵੇਟਿਵਾਂ ਨੇ ਇਸ ਸਾਲ ਦੀ ਦੂਜੀ ਤਿਮਾਹੀ ਵਿੱਚ 8.5 ਮਿਲੀਅਨ ਡਾਲਰ ਇੱਕਠੇ ਕੀਤੇ। ਇਹ ਰਕਮ ਕੰਜ਼ਰਵੇਟਿਵਾਂ ਨੂੰ 53,000 ਡੋਨਰਜ਼ ਵੱਲੋਂ ਡੋਨੇਟ ਕੀਤੀ ਗਈ। ਪਾਰਟੀ ਦਾ ਕਹਿਣਾ ਹੈ ਕਿ 2011 ਵਿੱਚ ਉਨ੍ਹਾਂ ਵੱਲੋਂ ਦੂਜੀ ਤਿਮਾਹੀ ਵਿੱਚ ਕਾਇਮ ਕੀਤੇ ਗਏ ਰਿਕਾਰਡ ਨੂੰ ਵੀ ਉਨ੍ਹਾਂ ਇਸ ਵਾਰੀ ਤੋੜ ਦਿੱਤਾ ਹੈ।

ਦੂਜੇ ਪਾਸੇ ਲਿਬਰਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇੱਕਠੇ ਕੀਤੇ ਗਏ 5 ਮਿਲੀਅਨ ਡਾਲਰ ਪਹਿਲੀ ਅਪਰੈਲ ਤੋਂ 30 ਜੂਨ ਤੱਕ 41,500 ਡੋਨਰਜ਼ ਵੱਲੋਂ ਡੋਨੇਟ ਕੀਤੇ ਗਏ ਹਨ। ਜਿੱਥੋਂ ਤੱਕ ਇਸ ਰਕਮ ਦਾ ਸਵਾਲ ਹੈ ਤਾਂ ਲਿਬਰਲਾਂ ਦਾ ਦਾਅਵਾ ਹੈ ਕਿ ਇਹ ਪਾਰਟੀ ਵੱਲੋਂ ਦੂਜੀ ਤਿਮਾਹੀ ਵਿੱਚ ਇੱਕਠੀ ਕੀਤੀ ਗਈ ਰਕਮ ਹੈ।

ਇਸ ਦੌਰਾਨ ਜਿਹੜਾ ਇੱਕ ਹੋਰ ਖੁਲਾਸਾ ਹੋਇਆ ਹੈ ਉਹ ਇਹ ਹੈ ਕਿ ਐਨਡੀਪੀ ਨਾਲੋਂ ਗ੍ਰੀਨ ਪਾਰਟੀ ਬਾਜ਼ੀ ਮਾਰ ਗਈ ਹੈ। ਗ੍ਰੀਨ ਪਾਰਟੀ ਵੱਲੋਂ 14,600 ਡੋਨਰਜ਼ ਕੋਲੋਂ 1.44 ਮਿਲੀਅਨ ਡਾਲਰ ਇੱਕਠੇ ਕੀਤੇ ਗਏ ਹਨ ਜਦਕਿ ਐਨਡੀਪੀ 14,900 ਡੋਨਰਜ਼ ਕੋਲੋਂ 1.43 ਮਿਲੀਅਨ ਡਾਲਰ ਹੀ ਜੁਟਾ ਸਕੀ ਹੈ।

## ਅਮਰੀਕਾ ਦੀ ਤਰਜ਼ ਉੱਤੇ ਵਿਆਜ ਦਰਾਂ ਵਿੱਚ ਕਟੌਤੀ ਨਹੀਂ ਕਰੇਗਾ ਬੈਂਕ ਆਫ ਕੈਨੇਡਾ : ਮਾਹਿਰ




ਓਟਵਾ, 31 ਜੁਲਾਈ (ਪੋਸਟ ਬਿਊਰੋ) : ਇੱਕ ਦਹਾਕੇ ਤੋਂ ਵੀ ਵੱਧ ਸਮੇਂ ਵਿੱਚ ਪਹਿਲੀ ਵਾਰੀ ਬੁੱਧਵਾਰ ਨੂੰ ਯੂਐਸ ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਿੱਚ ਕਟੌਤੀ ਕੀਤੇ ਜਾਣ ਦੀ ਸੰਭਾਵਨਾ ਬਣੀ ਹੈ। ਭਾਵੇਂ ਕਿ ਇਹ ਬਹੁਤ ਵੱਡਾ ਕਦਮ ਹੈ ਪਰ ਕੈਨੇਡਾ ਦੇ ਸੈਂਟਰਲ ਬੈਂਕ ਵੱਲੋਂ ਅਮਰੀਕੀ ਰਿਜ਼ਰਵ ਦੇ ਇਸ ਕਦਮ ਦੀ ਨਕਲ ਨੇੜ ਭਵਿੱਖ ਵਿੱਚ ਕੀਤੇ ਜਾਣ ਦੀ ਸੰਭਾਵਨਾ ਨਹੀਂ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਬੈਂਕ ਆਫ ਕੈਨੇਡਾ ਵੱਲੋਂ ਇਹ ਸੰਕੇਤ ਦਿੱਤੇ ਗਏ ਸਨ ਕਿ ਕੈਨੇਡਾ ਦਾ ਅਰਥਚਾਰਾ ਆਪਣੇ ਰਾਹ ਉੱਤੇ ਸਹੀ ਢੰਗ ਨਾਲ ਤੁਰ ਰਿਹਾ ਹੈ। ਨਾ ਹੀ ਬੈਂਕ ਵੱਲੋਂ ਵਿਆਜ ਦਰਾਂ ਵਿੱਚ ਕੋਈ ਕਟੌਤੀ ਕੀਤੇ ਜਾਣ ਦੀ ਹੀ ਲੋੜ ਹੈ। ਬੈਂਕ ਆਫ ਕੈਨੇਡਾ ਦੇ ਗਵਰਨਰ ਸਟੀਫਨ ਪੋਲੋਜ਼ ਨੇ ਫੈਡ ਵੱਲੋਂ ਇਸ ਸਬੰਧੀ ਦਿੱਤੇ ਗਏ ਸਪਸ਼ਟੀਕਰਨ ਨੂੰ ਵੀ ਕੱਟਿਆ। ਮੈਨੂਲਾਈਫ ਇਨਵੈਸਟਮੈਂਟ ਮੈਨੇਜਮੈਂਟ ਦੇ ਮੈਨੇਜਿੰਗ ਡਾਇਰੈਕਟਰ ਤੇ ਚੀਫ ਇਕਨੌਮਿਸਟ ਨੇ ਆਖਿਆ ਕਿ ਮਾਰਕਿਟ, ਅਰਥਸ਼ਾਸਤਰੀਆਂ, ਗਲੋਬਲ ਸੈਂਟਰਲ ਬੈਂਕਾਂ ਲਈ ਸੱਭ ਤੋਂ ਵੱਡੀ ਗੱਲ ਇਹ ਨਹੀਂ ਹੈ ਜੋ ਫੈਡਰਲ ਸਰਕਾਰ ਨੇ ਬੁੱਧਵਾਰ ਨੂੰ ਕੀਤਾ ਸਗੋਂ ਸੋਚਣ ਵਾਲੀ ਗੱਲ ਇਹ ਹੈ ਕਿ ਫੈਡ ਨੇ ਅਜਿਹਾ ਕਿਉਂ ਕੀਤਾ।

ਡੌਨਲਡ ਨੇ ਆਖਿਆ ਕਿ ਜਦੋਂ ਕੈਨੇਡੀਅਨ ਸਰਹੱਦ ਤੋਂ ਦੱਖਣ ਵੱਲ ਵੇਖਦੇ ਹਨ ਤਾਂ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੋਣੀ ਚਾਹੀਦੀ ਹੈ ਕਿ ਕੀ ਫੈਡ ਮਹਿੰਗਾਈ ਦੇ ਦਬਾਅ ਨੂੰ ਘਟਾਉਣ ਲਈ ਦਰਾਂ ਵਿੱਚ ਕਟੌਤੀ ਕਰ ਰਹੇ ਹਨ ਜਾਂ ਫਿਰ ਇਸ ਤੋਂ ਇਹ ਪਤਾ ਚੱਲਦਾ ਹੈ ਕਿ ਅਰਥਚਾਰਾ ਮੰਦਵਾੜੇ ਵੱਲ ਜਾ ਰਿਹਾ ਹੈ। ਗੱਲ ਇਹ ਹੈ ਕਿ ਜੇ ਅਮਰੀਕਾ ਵਿੱਚ ਮੰਦਵਾੜਾ ਆਉਂਦਾ ਹੈ ਤਾਂ ਕੈਨੇਡਾ ਨੂੰ ਵੀ ਮੰਦਵਾੜੇ ਦਾ ਸਾਹਮਣਾ ਕਰਨਾ ਹੋਵੇਗਾ। ਇਸ ਲਈ ਗਵਰਨਰ ਪੋਲੋਜ਼ ਬਹੁਤ ਹੀ ਗਹੁ ਨਾਲ ਸੱਭ ਕੁੱਝ ਵੇਖ ਰਹੇ ਹਨ।

ਇਸ ਮਹੀਨੇ ਦੇ ਸ਼ੁਰੂ ਵਿੱਚ ਫੈਡ ਚੇਅਰਮੈਨ ਜੈਰੋਮੀ ਪਾਵੇਲ ਨੇ ਅਮਰੀਕਾ ਵੱਲੋਂ ਵਿਆਜ ਦਰਾਂ ਵਿੱਚ ਕਟੌਤੀ ਕੀਤੇ ਜਾਣ ਦਾ ਸੰਕੇਤ ਦਿੱਤਾ ਸੀ। ਇਹ ਸੱਭ ਮੱਠੀ ਪੈ ਰਹੀ ਗਲੋਬਲ ਗ੍ਰੋਥ ਤੇ ਟਰੇਡ ਵਾਰ ਕਾਰਨ ਹੋ ਸਕਦਾ ਹੈ।

## 'ਓਨਟਾਰੀਓ ਨਿਊਜ਼ ਨਾਓ' ਨੂੰ ਖਤਮ ਕਰਨ ਲਈ ਫੋਰਡ ਉੱਤੇ ਵਧਿਆ ਦਬਾਅ



ਓਨਟਾਰੀਓ, 31 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਉੱਤੇ ਓਨਟਾਰੀਓ ਨਿਊਜ਼ ਨਾਓ ਨੂੰ ਖਤਮ ਕਰਨ ਲਈ ਦਬਾਅ ਵੱਧਦਾ ਜਾ ਰਿਹਾ ਹੈ। ਪੀਸੀ ਪਾਰਟੀ ਦੇ ਡੋਨਰਜ਼ ਦੇ ਕੁੱਝ ਪ੍ਰਮੋਸ਼ਨਲ ਵੀਡੀਓਜ਼ ਵਿੱਚ ਨਜ਼ਰ ਆਉਣ ਤੋਂ ਬਾਅਦ ਤੋਂ ਹੀ ਟੈਕਸਦਾਤਾਵਾਂ ਵੱਲੋਂ ਫੰਡ ਪ੍ਰਾਪਤ ਪ੍ਰੋਗਰੈਸਿਵ ਕੰਜ਼ਰਵੇਟਿਵ ਕਮਿਊਨਿਕੇਸ਼ਨ ਵੀਡੀਓ ਸਰਵਿਸ ਨੂੰ ਖਤਮ ਕੀਤੇ ਜਾਣ ਲਈ ਹੀ ਇਹ ਦਬਾਅ ਬਣਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਐਤਵਾਰ ਨੂੰ ਓਨਟਾਰੀਓ ਨਿਊਜ ਨਾਓ ਵੱਲੋਂ ਚਾਥਾਮ ਕੈਂਟ ਦੇ ਦੱਖਣ ਵਿੱਚ ਸਥਿਤ ਪੀਲੀ ਆਈਲੈਂਡ ਵਾਈਨਰੀ ਨੂੰ ਦਰਸਾਉਂਦਾ ਇੱਕ ਵੀਡੀਓ ਪੋਸਟ ਕੀਤਾ ਗਿਆ। ਇਸ ਵਿੱਚ ਪ੍ਰੀਮੀਅਰ ਡੱਗ ਫੋਰਡ ਦਰਸਕਾਂ ਨੂੰ ਪੀਲੀ ਆਈਲੈਂਡ ਵਾਈਨ ਦੀ ਬੋਤਲ ਖਰੀਦਣ ਦਾ ਸੁਨੇਹਾ ਦੇਣ ਤੋਂ ਪਹਿਲਾਂ ਵਾਈਨਰੀ ਦਾ ਟੂਰ ਕਰਦੇ ਨਜਰ ਆ ਰਹੇ ਹਨ।

ਇਲੈਕਸਨਜ ਓਨਟਾਰੀਓ ਦੀਆਂ ਜਨਤਕ ਫਾਈਲਿੰਗਜ ਅਨੁਸਾਰ ਇਸ ਵੀਡੀਓ ਤੋਂ ਬਾਅਦ ਇਸ ਮਾਮਲੇ ਨੇ ਇਸ ਲਈ ਤੂਲ ਫੜ੍ਹ ਲਿਆ ਜਦੋਂ ਵਾਈਨਰੀ ਦੇ ਪ੍ਰੈਜੀਡੈਂਟ ਵਾਲਟਰ ਸਮੋਰਾਂਜ ਬਾਰੇ ਪਤਾ ਲੱਗਿਆ ਕਿ ਉਨ੍ਹਾਂ 2019 ਵਿੱਚ ਦੂਹਰੀ ਵਾਰੀ ਪੀਸੀ ਪਾਰਟੀ ਨੂੰ ਪੈਸਾ ਡੋਨੇਟ ਕੀਤਾ ਸੀ। ਨਿਊ ਡੈਮੋਕ੍ਰੈਟਿਕ ਐਮਪੀਪੀ ਮੈਰਿਟ ਸਟਾਈਲਜ ਦਾ ਕਹਿਣਾ ਹੈ ਕਿ ਇਹ ਤਾਂ ਪੈਸੇ ਲੈ ਕੇ ਦੂਜੇ ਦੀ ਬੋਲੀ ਬੋਲਣ ਵਾਲਾ ਹਿਸਾਬ ਹੈ। ਉਨ੍ਹਾਂ ਆਖਿਆ ਕਿ ਇਸ ਤੋਂ ਤਾਂ ਇਹੋ ਸੰਕੇਤ ਜਾਂਦਾ ਹੈ ਕਿ ਓਨਟਾਰੀਓ ਵਿੱਚ ਬਾਕੀ ਵਾਈਨ ਉਤਪਾਦਕਾਂ ਤੇ ਹੋਰਨਾਂ ਕਾਰੋਬਾਰੀਆਂ ਤੱਕ ਇਹੋ ਸੁਨੇਹਾ ਜਾਂਦਾ ਹੈ ਕਿ ਇਸ ਤਰ੍ਹਾਂ ਦਾ ਧਿਆਨ ਖਿੱਚਣ ਲਈ ਉਨ੍ਹਾਂ ਨੂੰ ਵੀ ਪ੍ਰੋਵਿੰਸੀਅਲ ਸਰਕਾਰ ਨੂੰ ਇਸੇ ਤਰ੍ਹਾਂ ਡੋਨੇਸਨ ਦੇਣੀ ਚਾਹੀਦੀ ਹੈ।

ਇੱਕ ਵਿਸਲੇਸਕ ਅਨੁਸਾਰ ਓਨਟਾਰੀਓ ਨਿਊਜ ਨਾਓ ਦੇ ਹੋਰਨਾਂ ਵੀਡੀਓਜ ਦੀ ਜਾਂਚ ਤੋਂ ਬਾਅਦ ਇਹੋ ਸਾਹਮਣੇ ਆਇਆ ਹੈ ਕਿ ਪੰਜ ਹੋਰਨਾਂ ਕਾਰੋਬਾਰੀਆਂ, ਜਿਨ੍ਹਾਂ ਦੇ ਪ੍ਰੈਜੀਡੈਂਟਜ ਜਾਂ ਮਾਲਕਾਂ ਨੇ ਪਾਰਟੀ ਨੂੰ ਡੋਨੇਸਨ ਦਿੱਤਾ ਸੀ, ਦੀਆਂ ਕੰਪਨੀਆਂ ਦਾ ਪ੍ਰੀਮੀਅਰ ਵੱਲੋਂ ਕੀਤਾ ਗਿਆ ਉਚੇਚਾ ਦੌਰਾ ਪ੍ਰਮੋਸਨਲ ਵੀਡੀਓ ਵਿੱਚ ਵਿਖਾਇਆ ਗਿਆ। ਪਰ ਪ੍ਰੀਮੀਅਰ ਦੇ ਆਫਿਸ ਵਿੱਚੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਕੋਈ ਵੀ ਡੱਗ ਫੋਰਡ ਨੂੰ ਨਹੀਂ ਖਰੀਦ ਸਕਦਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਬਰਗਾੜੀ ਮਾਮਲਾ: ਸੀ. ਬੀ. ਆਈ. ਵੱਲੋਂ ਕਾਹਲੀ ਵਿੱਚ ਦਿੱਤੀ ਕਲੋਜ਼ਰ ਰਿਪੋਰਟ ਕੈਪਟਨ ਅਮਰਿੰਦਰ ਵੱਲੋਂ ਰੱਦ

ਚੰਡੀਗੜ੍ਹ, 31 ਜੁਲਾਈ, (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਤ ਬਰਗਾੜੀ ਕੇਸ ਵਿਚ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਹਲੀ ਦੀ ਕਾਰਵਾਈ ਮੰਨ ਕੇ ਰੱਦ ਕਰ ਦਿਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਿੱਖ ਭਾਈਚਾਰੇ ਦੇ ਮਨਾਂ ਨੂੰ ਡੂੰਘੀ ਠੇਸ ਪਹੁੰਚੀ ਹੈ ਤੇ ਇਸ ਲਈ ਇਸ ਨੂੰ ਵਾਪਸ ਲੈਣਾ ਚਾਹੀਦਾ ਹੈ ਤਾਂ ਕਿ ਇਸ ਕੇਸ ਦੀ ਵਿਸਥਾਰਤ ਜਾਂਚ ਯਕੀਨੀ ਹੋ ਸਕੇ।



ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੇ ਜਾਂਚ ਦੇ ਕਈ ਅਹਿਮ ਪੱਖਾਂ ਨੂੰ ਅਣਡਿੱਠ ਕੀਤਾ ਅਤੇ ਦੋਸ਼ੀਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਨਹੀਂਲਿਆਂਦਾ,ਜਦ ਕਿ ਦੇਸ਼ ਸਭ ਤੋਂ ਵੱਡੀ ਜਾਂਚ ਏਜੰਸੀ ਨੂੰ ਇਹ ਕਰਨਾ ਚਾਹੀਦਾ ਸੀ। ਉਨ੍ਹਾਂ ਦੇ ਸੀ ਬੀ ਆਈ ਜਾਂਚ ਨੂੰ ਅੱਗੇ ਤੋਰਨ ਲਈ ਇਹ ਕੇਸ ਫਿਰ ਖੋਲ੍ਹਣ ਦੀ ਮੰਗ ਕਰਦੇ ਹੋਏ ਕਿਹਾ ਕਿ ਰਿਪੋਰਟ ਬੰਦ ਕਿਉਂ ਕੀਤੀ, ਇਸ ਦਾ ਕਾਰਨ ਏਜੰਸੀ ਨਾਲ ਜੁੜੇ ਲੋਕ ਜਾਣਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੀ ਬੀ ਆਈ ਨੇ ਇਸ ਕੇਸ ਨੂੰ ਬੇਹੱਦਕਾਹਲੀ ਨਾਲ ਜਿਵੇਂਅਚਾਨਕ ਬੰਦ ਕੀਤਾ ਹੈ, ਇਸ ਨਾਲ ਇਸ ਕੇਸਵੱਲ ਉਸ ਦੇ ਵਿਹਾਰ ਤੋਂ ਕਈ ਸਵਾਲ ਪੈਦਾ ਹੋਏ ਹਨ। ਉਨ੍ਹਾਂ ਕਿਹਾ ਕਿ ਸੀ ਬੀ ਆਈ ਨੇ ਕਈ ਮੁੱਖ ਗਵਾਹਾਂ ਤੇ ਸ਼ੱਕੀ ਲੋਕਾਂ ਦੀ ਪਛਾਣ ਅਤੇ ਪੜਤਾਲ ਹੀ ਨਹੀਂ ਕੀਤੀ, ਜਦਕਿ ਉਨ੍ਹਾਂ ਲੋਕਾਂ ਦੀ ਪੁੱਛਗਿੱਛ ਨਾਲਸੀ ਬੀ ਆਈਦੀ ਕਲੋਜ਼ਰ ਰਿਪੋਰਟ ਵਿਚਲੇ ਕੇਸਾਂ ਬਾਰੇ ਕਈ ਕੁਝ ਸਾਹਮਣੇ ਆ ਸਕਦਾ ਸੀ।

ਵਰਨਣ ਯੋਗ ਹੈ ਕਿ ਪੰਜਾਬ ਦੀਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਤਿੰਨ ਕੇਸਾਂ ਦੀ ਜਾਂਚ ਨਵੰਬਰ 2015 ਵਿਚ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ। ਇਨ੍ਹਾਂ ਤਿੰਨ ਕੇਸਾਂ ਵਿਚ 1 ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਚੋਰੀ, 25 ਸਤੰਬਰ 2015 ਨੂੰ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਬੇਅਦਬੀ ਦੇ ਹੱਥ ਲਿਖਤ ਪੋਸਟਰ ਲੱਗਣੇ ਤੇ 12 ਅਕਤੂਬਰ 2015 ਨੂੰ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਦੇ ਸਾਰੇਕੇਸ ਸ਼ਾਮਲ ਸਨ। ਬੀਤੀ 4 ਜੁਲਾਈ ਨੂੰ ਸੀ ਬੀ ਆਈ ਨੇ ਬਰਗਾੜੀ ਦੇ ਬੇਅਦਬੀ ਕੇਸ ਵਿਚ ਦੋਸ਼ੀਆਂ ਨੂੰ ਕਲੀਨ ਚਿੱਟ ਦੇਣ ਨਾਲ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ ਅਤੇ ਇਸ ਬਾਰੇ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦੀਆਂ ਜਾਂਚ ਨੂੰ ਵੀ ਰੱਦ ਕਰ ਦਿੱਤਾ ਸੀ।

# ਨਵਜੋਤ ਸਿੱਧੂ ਨੂੰ ਮਨਾਉਣ ਵਾਸਤੇ ਪੁਰਾਣੇ ਸਾਥੀ ਵਿਧਾਇਕ ਪ੍ਰਗਟ ਸਿੰਘ ਪਹੁੰਚੇ

## * ਦਿੱਲੀ ਕਾਂਗਰਸ ਦੀ ਪ੍ਰਧਾਨਗੀ ਨਵਜੋਤ ਸਿੱਧੂ ਨੂੰ ਮਿਲਣ ਦੇ ਚਰਚੇ

ਅੰਮ੍ਰਿਤਸਰ, 31 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਪੁਰਾਣੇ ਸਾਥੀ ਸਾਬਕਾ ਹਾਕੀ ਖਿਡਾਰੀ ਤੇ ਜਲੰਧਰ ਛਾਉਣੀ ਹਲਕੇਤੋਂ ਵਿਧਾਇਕ ਪ੍ਰਗਟ ਸਿੰਘ ਅੱਜ ਬੁੱਧਵਾਰ ਹੋਲੀ ਸਿਟੀ ਵਾਲੇ ਨਵਜੋਤ ਸਿੰਘ ਸਿੱਧੂ ਦੇ ਘਰ ਪੁੱਜੇ ਤੇ ਦੋਵਾਂਵਿਚਾਲੇ ਬੰਦ ਕਮਰੇ ਵਿਚ ਦੋ ਘੰਟੇ ਮੀਟਿੰਗ ਚੱਲੀ, ਪਰ ਇਹ ਬੇਸਿੱਟਾ ਰਹੀ ਦੱਸੀ ਗਈ ਹੈ। ਪ੍ਰਗਟ ਸਿੰਘ ਮੀਡੀਆ ਨਾਲ ਵੀ ਗੱਲ ਕੀਤੇ ਬਿਨਾਂ ਓਥੋਂ ਚਲੇ ਗਏ।



ਜਾਣਕਾਰ ਸੂਤਰਾਂ ਅਨੁਸਾਰ 2 ਅਗਸਤ ਤੋਂ ਸ਼ੁਰੂ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਹਾਜ਼ਰ ਹੋਣ ਲਈ ਪ੍ਰਗਟ ਸਿੰਘ ਅੱਜ ਏਥੇ ਨਵਜੋਤ ਸਿੰਘ ਸਿੱਧੂ ਨੂੰ ਮਨਾਉਣ ਆਏ ਸਨ, ਪਰ ਸਿੱਧੂ ਨੇ ਇਨਕਾਰ ਕਰ ਦਿੱਤਾ। ਉਂਜ ਪ੍ਰਗਟ ਸਿੰਘ ਨੇ ਇਸ ਤਰ੍ਹਾਂ ਦੀ ਕਿਸੇ ਗੱਲ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਉਹ ਨਿੱਜੀ ਦੌਰੇ ਲਈ ਅੰਮ੍ਰਿਤਸਰ ਆਏ ਸਨ ਤੇ ਨਵਜੋਤ ਸਿੰਘ ਸਿੱਧੂ ਨੂੰ ਆਮ ਵਾਂਗਹੀ ਮਿਲਣ ਗਏ ਸਨ।ਮਿਲੀ ਖਬਰ ਮੁਤਾਬਕ ਦੁਪਹਿਰ ਇਕ ਵਜੇ ਦੇ ਕਰੀਬ ਪ੍ਰਗਟ ਸਿੰਘ ਨਵਜੋਤ ਸਿੱਧੂ ਦੀ ਕੋਠੀ ਪੁੱਜੇ। ਪਹਿਲਾਂ ਉਨ੍ਹਾਂ ਨੇ ਸਰਕਾਰੀ ਗੱਡੀ ਕੋਠੀ ਦੇ ਬਾਹਰ ਖੜੀ ਕੀਤੀ, ਪਰ ਬਾਅਦ ਵਿਚ ਗੱਡੀ ਵੀ ਅੰਦਰ ਮੰਗਵਾ ਲਈ ਗਈ। ਦੋ ਘੰਟੇ ਲੰਮੀ ਗੱਲਬਾਤ ਮੌਕੇ ਨਵਜੋਤ ਸਿੰਘ ਸਿੱਧੂ ਨੇ ਆਪਣੇ ਸੁਰੱਖਿਆ ਮੁਲਾਜ਼ਮਾਂ ਤੇ ਦਫ਼ਤਰ ਦੇ ਸਟਾਫ ਤਕ ਨੂੰ ਬਾਹਰ ਭੇਜ ਦਿੱਤਾ ਅਤੇ ਉਹ ਕਿਸੇ ਮਿਲਣ ਆਉਣ ਵਾਲੇ ਨੂੰ ਵੀ ਨਹੀਂ ਮਿਲੇ। ਦੁਪਹਿਰ ਦੇ ਖਾਣੇ ਪਿੱਛੋਂ ਕੋਠੀ ਦੇ ਅੰਦਰੋਂ ਹੀ ਗੱਡੀ ਵਿਚ ਬੈਠ ਕੇ ਪ੍ਰਗਟ ਸਿੰਘ ਚਲੇ ਗਏ।

ਵਰਨਣ ਯੋਗ ਹੈ ਕਿ ਜਦੋਂ ਨਵਜੋਤ ਸਿੰਘ ਸਿੱਧੂ ਨੇ ਆਵਾਜ਼-ਏ-ਪੰਜਾਬ ਪਲੇਟਫਾਰਮ ਬਣਾਇਆ ਸੀ ਤਾਂ ਉਦੋਂ ਵੀ ਪ੍ਰਗਟ ਸਿੰਘ ਉਸ ਦੇ ਨਾਲ ਸਨ। ਇਨ੍ਹਾਂ ਦੋਵਾਂ ਦੇ ਨੇੜਸਭ ਨੂੰ ਪਤਾ ਹੈ। ਪਿਛਲੇ ਦਿਨੀਂ ਕੈਬਨਿਟ ਰੈਂਕ ਮਿਲਣ ਦੇ ਬਾਅਦ ਅੰਮ੍ਰਿਤਸਰ ਪੱਛਮੀ ਹਲਕੇ ਦੇ ਵਿਧਾਇਕ ਡਾ. ਰਾਜਕੁਮਾਰ ਵੇਰਕਾ ਵੀ ਨਵਜੋਤ ਸਿੰਘ ਸਿੱਧੂ ਨੂੰ ਮਿਲਣ ਗਏ ਸਨ, ਉਸ ਪਿੱਛੋਂ ਕਾਂਗਰਸ ਦੇ ਦੂਸਰੇ ਵਿਧਾਇਕ ਪ੍ਰਗਟ ਸਿੰਘ ਅੱਜਨਵਜੋਤ ਸਿੰਘ ਸਿੱਧੂ ਨੂੰ ਮਿਲੇ ਹਨ। ਪ੍ਰਗਟ ਸਿੰਘ ਦਾ ਕਹਿਣਾ ਹੈ ਕਿ ਉਹ ਆਮ ਵਾਂਗ ਅੰਮ੍ਰਿਤਸਰ ਆਏ ਤੇ ਨਵਜੋਤ ਸਿੰਘ ਸਿੱਧੂ ਦੇ ਆਪਣੀ ਕੋਠੀ ਵਿਚ ਹੋਣ ਉੱਤੇ ਉਨ੍ਹਾਂ ਨੂੰ ਮਿਲਣ ਚਲੇ ਗਏ ਸਨ। ਦੋਵਾਂ ਨੇ ਇਕੱਠਿਆਂ ਦੁਪਹਿਰ ਦਾ ਖਾਣਾ ਖਾਧਾ, ਪਰ ਕੋਈ ਸਿਆਸੀ ਗੱਲਬਾਤ ਨਹੀਂ ਹੋਈ।

21 ਜੁਲਾਈ ਨੂੰ ਅੰਮ੍ਰਿਤਸਰ ਆਉਣ ਪਿੱਛੋਂ ਨਵਜੋਤ ਸਿੰਘ ਸਿੱਧੂ 23 ਜੁਲਾਈ ਤੋਂਘਰ ਦੇ ਅੰਦਰਆਪਣੇ ਹਲਕੇ ਦੇ ਵਰਕਰਾਂ ਤੇ ਆਗੂਆਂ ਨੂੰ ਮਿਲ ਰਹੇ ਹਨ, ਪਰ ਮੀਡੀਏ ਤੋਂ ਅਜੇ ਦੂਰੀ ਰੱਖੀ ਹੋਈ ਹੈ।

ਇਸ ਦੌਰਾਨ ਕਾਂਗਰਸ ਵੱਲੋਂ ਨਵਜੋਤ ਸਿੰਘ ਸਿੱਧੂ ਨੂੰ ਦਿੱਲੀ ਦਾ ਪ੍ਰਧਾਨ ਬਣਾਉਂਦੇ ਚਰਚਿਆਂ ਨਾਲ ਵੀ ਸਿਆ-ਸਤ ਭਖਣ ਲੱਗ ਪਈ ਹੈ। ਨਵਜੋਤ ਸਿੰਘ ਸਿੱਧੂ ਨੇ ਪੰਜ ਸਾਲ ਪਹਿਲਾਂ ਭਾਜਪਾ ਛੱਡਣ ਵੇਲੇ ਦਲੀਲ ਦਿੱਤੀ ਸੀ ਕਿ ਉਹ ਪੰਜਾਬ ਨਹੀਂ ਛੱਡਣਗੇ ਤੇ ਭਾਜਪਾ ਉਨ੍ਹਾਂ ਨੂੰ ਪੰਜਾਬ ਛੱਡਣ ਲਈ ਮਜਬੂਰ ਕਰ ਰਹੀ ਹੈ। ਇਸ ਵਾਰ ਫਿਰ ਉਹੀ ਹਾਲਾਤ ਕਾਂਗਰਸ ਵਿਚ ਵੀ ਬਣ ਰਹੇ ਜਾਪਦੇ ਹਨ।

# ਬੜੂੰਦੀ ਇਲਾਕਾ ਨਿਵਾਸੀਆਂ ਵੱਲੋਂ ਪਿਕਨਿਕ 4 ਅਗਸਤ ਨੂੰ

ਪਿੰਡ ਬੜੂੰਦੀ ਦੇ ਨਗਰ ਨਿਵਾਸੀਆਂ ਨੂੰ ਬੇਨਤੀ ਹੈ ਕਿ ਇਸ ਵਾਰ ਫਿਰ ਆਪਣੇ ਨਗਰ ਨਿਵਾਸੀ ਰਲ ਮਿਲਕੇ 4 ਅਗਸਤ ਦਿਨ ਐਤਵਾਰ ਨੂੰ ਕੈਲੇਡਨ ਸ਼ਹਿਰ ਵਿੱਚ ਚਾਰਲਜ਼ ਹੇਨਜ਼ ਮੈਮੋਰੀਅਲ ਪਾਰਕ ਜੋ ਕਿ 14190 ਕਰੈਡਿਟ ਵਿਊ ਰੋਡ (ਜਿੱਥੇ ਪਿਛਲੇ ਸਾਲ ਵੀ ਪਿਕਨਿਕ ਦਾ ਆਯੋਜਨ ਕੀਤਾ ਗਿਆ ਸੀ ), ਵਿੱਖੇ ਇਕ ਪਿਕਨਿਕ ਦਾ ਆਯੋਜਨ ਕਰ ਰਹੇ ਹਨ

ਇਹ ਪਿਕਨਿਕ 11 ਵਜੇ ਤੋਂ ਸ਼ਾਮ 6 ਵਜੇ ਤਕ ਚਲੇਗੀ;

ਹਰ ਆਏ ਮਹਿਮਾਨ ਲਈ ਖਾਣ-ਪੀਣ ਦਾ ਖੁਲ੍ਹਾ ਪ੍ਰਬੰਧ ਹੋਵੇਗਾ

ਬੱਚਿਆਂ ਦੇ ਮਨੋਰੰਜਨ ਲਈ ਕਈ ਪ੍ਰਕਾਰ ਦੀਆਂ ਖੇਡਾਂ ਦਾ ਵੀ ਇੰਤਜ਼ਾਮ ਕੀਤਾ ਗਿਆ ਹੈ ; ਸਾਰੇ ਨਿਵਾਸੀਆਂ ਨੂੰ ਬੇਨਤੀ ਹੈ ਕਿ ਇਸ ਪਿਕਨਿਕ ਵਿੱਚ ਸਮੇਂ ਸਿਰ ਸ਼ਾਮਿਲ ਹੋ ਕੇ ਇਸ ਦੀ ਰੌਣਕ ਵਿਚ ਹੋਰ ਵਾਧਾ ਕਰੋ;

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ :

ਸਰਵਰਿੰਦਰ ਧਾਲੀਵਾਲ (416-371-2232)

ਅਮਰਜੀਤ ਸਿੰਘ ਪੰਨੂ (416-579-1564)

# ਮੇਅ ਫੀਲਡ ਸੀਨੀਅਰਜ਼ ਕਲੱਬ ਵੱਲੋਂ ਤਾਸ਼ ਸਵੀਪ ਦੇ ਮੁਕਾਬਲੇ 6 ਅਗਸਤ ਨੂੰ

(ਬਰੈਂਪਟਨ/ਬਾਸੀ ਹਰਚੰਦ) ਮੇਅ ਫੀਲਡ ਸੀਨੀਅਰਜ਼ ਕਲੱਬ ਵੱਲੋਂ 6 ਅਗਸਤ ਦਿਨ ਮੰਗਲਵਾਰ ਨੂੰ ਤਾਸ਼ ਸਵੀਪ ਦੇ ਮੁਕਾਬਲੇ ਕਰਾਏ ਜਾਣਗੇ। ਇਸ ਦੇ ਲਈ ਐਂਟਰੀ ਫੀਸ 10 ਡਾਲਰ ਰੱਖੀ ਗਈ ਹੈ। ਖਿਡਾਰੀਆਂ ਲਈ ਐਂਟਰੀ ਦਾ ਸਮਾਂ 2-00 ਵਜੇ ਤੋਂ 2-30 ਵਜੇ ਤੱਕ ਹੋਵੇਗਾ। ਇਸ ਤੋਂ ਲੇਟ ਆਉਣ ਵਾਲੇ ਖਿਡਾਰੀ ਐਂਟਰੀ ਨਹੀਂ ਕਰਾ ਸਕਣਗੇ। ਖਾਣ ਪੀਣ ਦਾ ਪ੍ਰਬੰਧ ਹੋਵੇਗਾ। ਇਸ ਸਬੰਧੀ ਹੋਰ ਜਾਣਕਾਰੀ ਲਈ ਫੋਨ ਨੰਬਰ, ਸੁਭਾਸ਼ ਖੁਰਮੀ 647-741-9003 ਰਵਿੰਦਰ ਤੱਖਰ 905-965 5775

# ਕਾਰਗਿਲ ਜੰਗ ਦੀ 20ਵੀਂ ਵਰ੍ਹੇਗੰਢ ਮੌਕੇ ਸਿੱਖ ਰੈਜੀਮੈਂਟ ਅਣਗੌਲੀ ਕਰਨ ਤੋਂ ਬਜ਼ੁਰਗ ਸੈਨਿਕ ਨਾਰਾਜ਼

ਨਵੀਂ ਦਿੱਲੀ, 31 ਜੁਲਾਈ, (ਪੋਸਟ ਬਿਊਰੋ)- ਕਾਰਗਿੱਲ ਜੰਗ ਦੀ 20ਵੀਂ ਵਰ੍ਹੇਗੰਢ ਮੌਕੇ ਦਿਖਾਈ ਗਈ ਸ਼ਾਰਟ ਵੀਡੀਓ ਕਲਿੱਪ ਦੇ ਕਾਰਨ ਬਜ਼ੁਰਗ ਸਿੱਖ ਜਰਨੈਲਾਂ ਤੇ ਜਵਾਨਾਂ ਨੂੰ ਦੁੱਖ ਪਹੁੰਚਿਆ ਹੈ। ਇਸ ਵੀਡੀਓ ਕਲਿੱਪ ਨਾਲ ਬਜ਼ੁਰਗ ਸਿੱਖ ਜਰਨੈਲਾਂ ਨੂੰ ਇਸ ਗੱਲ ਦਾ ਦੁੱਖ ਲੱਗਾ ਹੈ ਕਿ ਯੁੱਧ ਦੀ 8.55 ਮਿੰਟ ਦੀ ਵੀਡੀਓ ਕਲਿੱਪ ਵਿੱਚ 8ਵੀਂ ਬਟਾਲੀਅਨ ਸਿੱਖ ਰੈਜੀਮੈਂਟ ਨੂੰ ਯੋਗ ਸਥਾਨ ਨਹੀਂਦਿੱਤਾ ਤੇ ਅਣਗੌਲੇ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਇਸ ਵੀਡੀਓ ਵਿੱਚ ਟਾਈਗਰ ਹਿਲਜ਼ ਦੀ ਪ੍ਰਸਿੱਧ ਲੜਾਈ ਦਾ ਵਰਨਣ ਕੀਤਾ ਗਿਆ ਹੈ।

ਲੈਫਟੀਨੈਂਟ ਜਨਰਲ ਜੀ ਐੱਸ ਸ਼ੇਰਗਿੱਲ (ਰਿਟਾਇਰਡ), ਜਿਹੜੇ ਸਿੱਖ ਰੈਜੀਮੈਂਟ ਦੇ ਕਰਨਲ ਕਮਾਂਡਰ ਰਹਿ ਚੁੱਕੇ ਹਨ, ਨੇ ਆਪਣੀ ਫੇਸਬੁੱਕ ਪੋਸਟ ਵਿੱਚ ਕਿਹਾ ਹੈ ਕਿ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਟਾਈਗਰ ਹਿਲਜ਼ ਉੱਤੇ ਕਬਜ਼ਾ ਕਰਨ ਵਿੱਚ ਸਿੱਖ ਰੈਜੀਮੈਂਟ ਦੀ 8ਵੀਂ ਬਟਾਲੀਅਨ ਦੇ ਵਿਸ਼ੇਸ਼ ਯੋਗਦਾਨ ਨੂੰ ਅਣਗੌਲੇ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਟਾਈਗਰ ਹਿਲਜ਼ ਦੀ ਲੜਾਈ ਸਿਰਫ ਦੋ ਬਟਾਲੀਅਨਾਂ 8ਵੀਂ ਸਿੱਖ ਰੈਜੀਮੈਂਟ ਅਤੇ 18 ਗ੍ਰੇਨੇਡੀਅਰਜ਼ਨੇ ਜਿੱਤੀ ਹੈ। ਵੀਡੀਓ ਵਿੱਚ ਸਿਰਫ 18 ਗ੍ਰੇਨੇਡੀਅਰਜ਼ ਨੂੰ ਦਿਖਾਇਆ ਗਿਆ ਤੇ 8ਵੀਂ ਸਿੱਖ ਰੈਜੀਮੈਂਟ ਨੂੰ ਅਣਗੌਲੇ ਕਰ ਦਿਤਾ ਗਿਆ ਹੈ।ਅਕਤੂਬਰ 2015 ਵਿੱਚ ਰਿਟਾਇਰ ਹੋਏ ਲੈਫਟੀਨੈਂਟ ਜਨਰਲ ਸ਼ੇਰਗਿੱਲ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਟਾਈਗਰ ਹਿਲਜ਼ ਉੱਤੇ ਲੜਾਈ ਅਸੀਂ ਕੀਤੀ ਸੀ। 8ਵੀਂ ਸਿੱਖ ਰੈਜੀਮੈਂਟ ਦੇ ਜ਼ਿਕਰਤੋਂ ਬਿਨਾਂ ਤੁਸੀਂ ਇਸ ਲੜਾਈ ਦੀ ਚਰਚਾ ਨਹੀਂ ਕਰ ਸਕਦੇ, ਇਸ ਲਈ ਅੱਜ ਮੈਂ ਦੁਖੀ ਹੋ ਕੇ ਇਹ ਮੁੱਦਾ ਚੁੱਕਿਆ ਹੈ।

ਦੂਸਰੇ ਪਾਸੇ ਫੌਜ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਵੀਡੀਓ ਕਲਿੱਪ ਸਿਰਫ ਪ੍ਰੇਰਣਾਦਾਇਕ ਦਸਤਾਵੇਜ਼ ਹੈ, ਜਿਸ ਵਿੱਚ ਸਿਰਫ ਕੌਮੀ ਪ੍ਰਸਿੱਧੀ ਨੂੰ ਦਿਖਾਇਆ ਗਿਆ ਹੈ। ਉਨ੍ਹਾਂ ਨੇ ਜਵਾਬ ਦਿੱਤਾ ਕਿ ਕਾਰਗਿਲ ਜੰਗ ਦੀ ਵਰ੍ਹੇਗੰਢ ਮੌਕੇ 8ਵੀਂ ਸਿੱਖ ਰੈਜੀਮੈਂਟ ਦੇ ਫੌਜੀਆਂ ਦੀ ਬਹਾਦਰੀ ਨੂੰ ਸੋਸ਼ਲ ਮੀਡੀਆ ਉੱਤੇ ਵਿਸਥਾਰ ਨਾਲ ਪੇਸ਼ ਕੀਤਾ ਜਾ ਚੁੱਕਾ ਹੈ।

# ਰਿਸ਼ਵਤ ਕਾਂਡ 'ਚ ਨਵਾਂ ਮੋੜ: ਅਦਾਲਤ ਵਿੱਚ ਈ ਓ ਨੂੰ ਦੋਸ਼ੀ ਬਣਾਉਣ ਦੀ ਅਰਜ਼ੀ ਹੋਈ ਦਰਜ

ਜਲੰਧਰ, 31 ਜੁਲਾਈ (ਪੋਸਟ ਬਿਊਰੋ)- ਇੰਪਰੂਵਮੈਂਟ ਟਰੱਸਟ ਨਾਲ ਸੰਬੰਧਤ ਰਿਸ਼ਵਤ ਕਾਂਡ ਵਿੱਚ ਓਦੋਂ ਨਵਾਂ ਮੋੜ ਆ ਗਿਆ, ਜਦੋਂ ਸ਼ਿਕਾਇਤ ਕਰਤਾ ਚੇਤਨ ਸਰੀਨ ਦੇ ਵਕੀਲ ਸੰਜੇ ਜਾਂਗੜਾ ਨੇ ਵਧੀਕ ਸੈਸ਼ਨ ਜੱਜ-ਕਮ-ਸਪੈਸ਼ਲ ਕੋਰਟ ਵਿਜੀਲੈਂਸ ਨੂੰ ਅਰਜ਼ੀ ਪੇਸ਼ ਕੀਤੀ ਕਿ ਇਸ ਕੇਸ ਦੇ ਲਈ ਟਰੱਸਟ ਦੀ ਈ ਓ (ਐਗਜ਼ੈਕਟਿਵ ਅਫਸਰ) ਨੂੰ ਵੀ ਦੋਸ਼ੀ ਬਣਾਇਆ ਜਾਵੇ। ਕੋਰਟ ਨੇ ਅਰਜ਼ੀ ਉੱਤੇ ਬਹਿਸ ਲਈ ਨੌਂ ਅਗਸਤ ਦੀ ਤਰੀਕ ਰੱਖੀ ਹੈ।

ਇਸ ਸੰਬੰਧ ਵਿੱਚ ਐਡਵੋਕੇਟ ਸੰਜੇ ਜਾਂਗੜਾ ਨੇ ਦੱਸਿਆ ਕਿ ਚੇਤਨ ਦੇ ਗਾਹਕਾਂ ਨੇ ਟਰੱਸਟ ਦੀ 94.5 ਏਕੜ ਗੁਰੂ ਗੋਬਿੰਦ ਸਿੰਘ ਐਵੇਨਿਊ ਸਕੀਮ ਨਾਲ ਸੰਬੰਧਤ ਦੋ ਪ੍ਰਾਪਰਟੀਆਂ ਦੀ ਉਨ੍ਹਾਂ ਨੂੰ ਪਾਵਰ ਆਫ ਅਟਾਰਨੀ ਦਿੱਤੀ ਸੀ, ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਨਾਂਅ ਉਤੇ ਕਰਵਾ ਕੇ ਰਜਿਸਟਰੀ ਕਰਾਉਣੀ ਸੀ। ਰਜਿਸਟਰੀ ਦੇ ਬਦਲੇ ਨੌਂ ਹਜ਼ਾਰ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ। ਟਰੱਸਟ ਦੇ ਸੁਪਰਡੈਂਟ ਮਹਿੰਦਰ ਪਾਲ ਨਾਲ ਸੰਪਰਕ ਕੀਤਾ ਗਿਆ ਤਾਂ ਉਸ ਨੇ ਨੌਂ ਹਜ਼ਾਰ ਰੁਪਏ ਰਿਸ਼ਵਤ ਮੰਗੀ ਤੇ ਕਿਹਾ ਕਿ ਈ ਓ ਨੂੰ ਪੈਸੇ ਦੇਣੇ ਹਨ। ਚੇਤਨ ਨੇ ਇਸ ਸੰਬੰਧੀ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਕੀਤੀ, ਜਿਸ ਉੱਤੇ ਵਿਜੀਲੈਂਸ ਦੇ ਡੀ ਐੱਸ ਪੀ ਸਤਪਾਲ ਨੇ ਟਰੈਪ ਲਾ ਕੇ ਸੁਪਰਡੈਂਟ ਮਹਿੰਦਰ ਪਾਲ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਚੇਤਨ ਨੇ ਦੋਸ਼ ਲਾਇਆ ਕਿ ਇਸ ਪੂਰੇ ਕੇਸ ਵਿੱਚ ਈ ਓ ਮਿਲੀ ਹੋਈ ਸੀ। ਐਡਵੋਕੇਟ ਸੰਜੇ ਨੇ ਦੱਸਿਆ ਕਿ ਚੇਤਨ ਨੇ ਵਿਜੀਲੈਂਸ ਨੂੰ ਦਿੱਤੀ ਸ਼ਿਕਾਇਤ ਤੋਂ ਇਲਾਵਾ ਕੋਰਟ ਵਿੱਚ ਦਿੱਤੇ ਆਪਣੇ ਬਿਆਨਾਂ ਵਿੱਚ ਈ ਓ ਵੱਲੋਂ ਰਿਸ਼ਵਤ ਮੰਗਣ ਦਾ ਜ਼ਿਕਰ ਕੀਤਾ ਹੈ।






# ਉਨਾਓ ਬਲਾਤਕਾਰ ਕੇਸ: ਪੀੜਤਾ ਦੀ ਚੀਫ ਜਸਟਿਸ ਨੂੰ ਲਿਖੀ ਚਿੱਠੀ ਹਾਦਸਾ ਹੋਣ ਤੱਕ ਪੇਸ਼ ਹੀ ਨਹੀਂ ਕੀਤੀ ਗਈ

## * ਚੀਫ ਜਸਟਿਸ ਨੇ ਬਾਕਾਇਦਾ ਰਿਪੋਰਟ ਮੰਗੀ

ਨਵੀਂ ਦਿੱਲੀ, 31 ਜੁਲਾਈ, (ਪੋਸਟ ਬਿਊਰੋ)- ਜ਼ਿੰਦਗੀ-ਮੌਤ ਵਿਚਾਲੇ ਸੰਘਰਸ਼ ਕਰ ਰਹੀ ਉਨਾਵ ਦੇਬਲਾਤਕ-ਾਰਕੇਸ ਦੀ ਪੀੜਤਾਤੇ ਉਸ ਦੇ ਪਰਿਵਾਰ ਵੱਲੋਂਚੀਫ ਜਸਟਿਸ ਨੂੰ ਭੇਜੀ ਚਿੱਠੀਦਾ ਸੁਪਰੀਮ ਕੋਰਟ ਨੇ ਨੋਟਿਸ ਲਿਆ ਹੈ। ਕੋਰਟ ਨੇ 17 ਜੁਲਾਈ ਨੂੰ ਪਹੁੰਚੀ ਚਿੱਠੀ ਨੂੰ ਚੀਫ ਜਸਟਿਸ (ਸੀਜੇਆਈ) ਕੋਲ ਪੇਸ਼ ਕਰਨ ਵਿੱਚ ਹੋਈ ਦੇਰੀ ਬਾਰੇ ਸੁਪਰੀਮ ਕੋਰਟ ਦੇ ਸਕੱਤਰ ਜਨਰਲ ਨੂੰ ਕਾਰਨ ਦੱਸਣ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਪੀੜਤਾ ਦੀ ਚਾਚੀ ਤੇ ਇੱਕ ਹੋਰ ਨੂੰ ਸੜਕ ਹਾਦਸੇ ਵਿੱਚ ਮਾਰ ਦਿੱਤੇ ਜਾਣ ਤੋਂ ਪਹਿਲਾਂ ਇਸ-ਬਲਾਤਕਾਰ ਪੀੜਤਾ ਤੇ ਉਸ ਦੇ ਪਰਿਵਾਰ ਨੇ ਸੁਪਰੀਮ ਕੋਰਟਦੇਚੀਫ ਜਸਟਿਸ ਨੂੰ ਪੱਤਰ ਭੇਜ ਕੇ ਦੋਸ਼ੀਆਂ ਵੱਲੋਂ ਧਮਕੀ ਦਿੱਤੇ ਜਾਣ ਦੀ ਸ਼ਿਕਾਇਤ ਕੀਤੀ ਸੀ। ਸੁਪਰੀਮ ਕੋਰਟ ਦੇ ਅਧਿਕਾਰੀ ਮੁਤਾਬਕ ਮੰਗਲਵਾਰ ਚੀਫ ਜਸਟਿਸ ਨੂੰ ਪੱਤਰ ਦੀ ਜਾਣਕਾਰੀ ਦਿੱਤੀ ਗਈ ਤਾਂ ਉਨ੍ਹਾਂ ਨੇ ਸਕੱਤਰ ਜਨਰਲ ਨੂੰ ਉਸਦਾ ਨੋਟ ਬਣਾ ਕੇ ਉਨ੍ਹਾਂ ਦੇ ਸਾਹਮਣੇ ਪੇਸ਼ ਕਰਨ ਨੂੰ ਕਿਹਾ ਹੈ।ਬੁੱਧਵਾਰ ਸੀਨੀਅਰ ਵਕੀਲ ਵੀ ਗਿਰੀ ਨੇ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਅਨਿਰੁਧ ਬੋਸ ਦੇ ਬੈਂਚ ਅੱਗੇ ਉਨਾਵ ਕਾਂਡ ਦਾ ਜ਼ਿਕਰ ਕਰਦੇ ਹੋਏ ਸੁਣਵਾਈ ਲਈ ਅਪੀਲ ਕੀਤੀ। ਗਿਰੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਬਾਲ ਸੈਕਸ ਸ਼ੋਸ਼ਣ ਰੋਕੂ ਕਾਨੂੰਨ (ਪੋਕਸੋ) ਦੀ ਵਿਵਸਥਾ ਠੀਕ ਤਰ੍ਹਾਂ ਲਾਗੂ ਨਹੀਂਹੋਈ। ਕੋਰਟ ਨੇ ਵਕੀਲ ਵੀ ਗਿਰੀ ਨੂੰ ਬੱਚਿਆਂ ਦੇ ਸੈਕਸ ਸ਼ੋਸ਼ਣ ਕੇਸ ਬਾਰੇ ਨਿਆਂ ਮਿੱਤਰ ਬਣਾਇਆ ਹੈ। ਉਸ ਦੀ ਦੱਸੀ ਗੱਲ ਉੱਤੇ ਚੀਫ ਜਸਟਿਸ ਨੇ ਕਿਹਾ ਕਿ ਉਨ੍ਹਾਂ ਨੇ ਅਖ਼ਬਾਰਾਂ ਤੋਂ ਪੜ੍ਹਿਆ ਹੈ ਕਿ ਪੀੜਤ ਪਰਿਵਾਰ ਨੇ ਉਨ੍ਹਾਂ ਨੂੰ ਚਿੱਠੀ ਲਿਖੀ ਹੈ, ਪਰ ਉਨ੍ਹਾਂ ਨੂੰ ਮੰਗਲਵਾਰ ਇਸ ਪੱਤਰ ਦਾ ਪਤਾ ਲੱਗਾ ਤੇ ਹਾਲੇ ਉਨ੍ਹਾਂ ਪੱਤਰ ਨਹੀਂ ਦੇਖਿਆ। ਪੱਤਰ ਉਨ੍ਹਾਂ ਅੱਗੇ ਪੇਸ਼ ਨਹੀਂ ਸੀ ਕੀਤਾ ਗਿਆ। ਚੀਫ ਜਸਟਿਸ ਨੇ ਕਿਹਾ ਕਿ ਕੋਰਟ ਸੁਣਵਾਈ ਕਰ ਕੇ ਕੋਸ਼ਿਸ਼ ਕਰੇਗੀ ਕਿ ਇਸ ਮਾੜੇ ਮਾਹੌਲ ਵਿੱਚ ਕੁਝ ਉਸਾਰੂ ਤੇ ਚੰਗਾ ਕੀਤਾ ਜਾ ਸਕੇ। ਕੋਰਟ ਨੇ ਮੰਗਲਵਾਰ ਨੂੰ ਚੀਫ ਜਸਟਿਸ ਵੱਲੋਂ ਪੀੜਤਾ ਧਿਰ ਦੇ ਪੱਤਰ ਬਾਰੇ ਰਜਿਸਟਰੀਵੱਲੋਂ ਜਾਰੀ ਕੀਤੇ ਆਦੇਸ਼ ਦੀ ਰਿਪੋਰਟ ਵੀ ਮੰਗੀ ਹੈ। ਇਸ ਤੋਂ ਬਿਨਾ ਕੋਰਟ ਨੇ 17 ਜੁਲਾਈ ਨੂੰ ਪਹੁੰਚੀ ਚਿੱਠੀ ਨੂੰ 30 ਜੁਲਾਈ ਸ਼ਾਮ ਚਾਰ ਵਜੇ ਤਕ ਚੀਫ ਜਸਟਿਸ ਸਾਹਮਣੇ ਪੇਸ਼ ਨਾ ਕੀਤੇ ਜਾਣਬਾਰੇਵੀ ਸਕੱਤਰ ਜਨਰਲ ਤੋਂ ਕਾਰਨ ਪੁੱਛਿਆ ਹੈ।

ਵਰਨਣ ਯੋਗ ਹੈ ਕਿ ਉਨਾਵ ਬਲਾਤਕਾਰ ਕਾਂਡ ਵਿੱਚ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਸਮੇਤ ਕਈ ਲੋਕ ਦੋਸ਼ੀ ਹਨ। ਪਿਛਲੇ ਐਤਵਾਰ ਜਦੋਂ ਬਲਾਤਕਾਰ ਪੀੜਤਾ, ਉਸ ਦੀ ਚਾਚੀ ਅਤੇ ਵਕੀਲ ਇੱਕ ਕਾਰ ਵਿੱਚ ਜਾ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਨੂੰ ਇਕ ਤੇਜ਼ ਰਫ਼ਤਾਰ ਟਰੱਕ ਨੇ ਟੱਕਰ ਮਾਰ ਦਿੱਤੀ ਸੀ, ਜਿਸ ਵਿਚ ਪੀੜਤਾ ਦੇ ਰਿਸ਼ਤੇਦਾਰਾਂ ਦੀ ਮੌਤ ਹੋ ਗਈ ਅਤੇ ਪੀੜਤ ਲੜਕੀ ਅਤੇ ਵਕੀਲ ਦੋਵੇਂ ਜਣੇ ਗੰਭੀਰ ਜ਼ਖਮੀ ਹੋ ਗਏ ਸਨ।

# ਮਹਿਲਾ ਕਾਂਗਰਸ ਦੀ ਜਨਰਲ ਸਕੱਤਰ ਤੀਸਰੇ ਦਿਨ ਹੀ ਸਸਪੈਂਡ

ਸੰਗਰੂਰ, 31 ਜੁਲਾਈ (ਪੋਸਟ ਬਿਊਰੋ)- ਪੰਜਾਬ ਮਹਿਲਾ ਕਾਂਗਰਸ ਦੀ ਸੂਬਾ ਜਨਰਲ ਸਕੱਤਰ ਕਾਂਤਾ ਕੁਠਾਲਾ ਅਹੁਦਾ ਮਿਲਣ ਤੋਂ ਤਿੰਨ ਦਿਨ ਪਿੱਛੋਂ ਹੀ ਸਸਪੈਂਡ ਕਰ ਦਿੱਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਮਹਿਲਾ ਕਾਂਗਰਸ ਸੰਗਰੂਰ ਦੀ ਜ਼ਿਲਾ ਪ੍ਰਧਾਨ ਰਹਿ ਚੁੱਕੀ ਤੇ ਜ਼ਿਲਾ ਸੰਗਰੂਰ ਦੇ ਹਲਕਾ ਮਾਲੇਰਕੋਟਲਾ ਦੀ ਮਹਿਲਾ ਕਾਂਗਰਸੀ ਆਗੂ ਕਾਂਤਾ ਕੁਠਾਲਾ ਨੂੰ 27 ਜੁਲਾਈ ਨੂੰ ਪੰਜਾਬ ਮਹਿਲਾ ਕਾਂਗਰਸ ਦੀ ਸੂਬਾ ਪ੍ਰਧਾਨ ਮਮਤਾ ਦੱਤਾ ਨੇ ਸੂਬਾ ਜਨਰਲ ਸਕੱਤਰ ਬਣਾਇਆ ਸੀ। ਕੱਲ੍ਹ ਤਿੰਨ ਦਿਨਾਂ ਬਾਅਦ ਹੀ ਮਮਤਾ ਦੱਤਾ ਨੇ ਕਾਂਤਾ ਕੁਠਾਲਾ ਨੂੰ ਅਹੁਦੇ ਤੋਂ ਖੁਦ ਹੀ ਸਸਪੈਂਡ ਕਰ ਦਿੱਤਾ ਹੈ। ਕਾਂਤਾ ਕੁਠਾਲਾ ਨੂੰ ਸੰਗਰੂਰ ਵਿਧਾਨ ਸਭਾ ਹਲਕੇ ਦੇ ਸਾਬਕਾ ਵਿਧਾਇਕ ਤੇ ਕਾਂਗਰਸੀ ਆਗੂ ਸੁਰਿੰਦਰਪਾਲ ਸਿੰਘ ਸਿਬੀਆ ਦੀ ਸਿਆਸੀ ਨੇੜੂ ਮੰਨਿਆ ਜਾਂਦਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਸੁਰਿੰਦਰਪਾਲ ਸਿੰਘ ਸਿਬੀਆ ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਤਾਂ ਕਾਂਤਾ ਕੁਠਾਲਾ ਵੀ ਅਕਾਲੀ ਦਲ ਵਿੱਚ ਚਲੀ ਗਈ ਸੀ। ਫਿਰ ਲੋਕ ਸਭਾ ਚੋਣਾਂ ਮੌਕੇ ਸਿਬੀਆ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਆ ਗਏ ਤਾਂ ਬੀਬੀ ਕੁਠਾਲਾ ਵੀ ਕਾਂਗਰਸ ਵਿੱਚ ਮੁੜ ਆਈ ਸੀ। ਜ਼ਿਲੇ ਦੇ ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਤੋਂ ਕਾਂਗਰਸ ਵਿਧਾਇਕਾ ਤੇ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਨੂੰ ਭਰੋਸੇ ਵਿੱਚ ਲਏ ਬਗੈਰ ਹੀ ਕਾਂਤਾ ਕੁਠਾਲਾ ਨੂੰ ਪਾਰਟੀ 'ਚ ਸ਼ਾਮਲ ਕੀਤਾ ਗਿਆ ਸੀ।







**Paramjit Deol** Broker **CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



**Your neighborhood broker, Call Paramjit Deol Today**

**CHATHAM KENT $85,000**
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very Low Vacancy In The Neighbourhood .

**MISSISAUGA $169,900**
Photo Not Available
7215 Goreway Dr 70 : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco,LCBO.

**BRAMPTON $199,000**
25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Potential Money Making Opportunity, Seating For Up To 10 People.

**BRAMPTON $229,000**
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

**MISSISSAUGA $449,000**
Photo Not Available
5100 Erin Mills Pkwy 2E220: Fantastic Franchise Opportunity Of Awaits!! Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable Industrial area. Sales Are 50K / Month

**BRAMPTON $129,000**
Photo Not Available
10095 Bramalea Rd 104 : Well Established Pizza & Curry Restaurant Very Profitable Business, Open 7 Days Excellent Monthly $ Producing Business. In One Of The Most Sought Out Locations. You Will Not Be Disappointed. Sale $35,000- 40,000

**BRAMPTON $189,000**
Photo Not Available
8770 The Gore Rd 6: Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic & Great Exposure, Sales Are Over 30K / Month

**TORONTO $535,800**
Don Mills/Steeles : Live In The Most Sought After Area In A Well Maintained 3 Bedrooms Apartment + Den With All The Conveniences. Best Schools, Arbor Glen Elementary, Highland Secondary & A.Y. Steps To all amenities.

**TORONTO $673,800**
Lawrence/ Port Union: Well Maintained Recently Renovated 3Br 3Wr, Beautiful House In A Great Location. Huge Kitchen With Brand New Countertop. Walkout To Back Yard, Spacious Bdrms And Mbr With 4 Pc Ensuite. New Laminate In L & D & 3 Brs. Bathrooms Recently Renovated.

**BRAMPTON $330,000**
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**TORONTO $569,000**
Warden & Steeles : Penthouse Masterpiece! Modern And Spacious. You Won't Find Another Gem Like This In The Area!! Condo Features: Unobstructed View, Large Living Room, Brand New Kitchen Custom Cabinetry, Induction Stove, "High-End" Faucets,

**BRAMPTON $639,000**
Photo Not Available
50 Lacoste Blvd: Everything Ready To Go. No Need To Spend A Penny. This Comes With Full Improvements Including 8 Station Chairs & 8 Tables. Beautiful Reception Desk. 2 Spa Rooms, Tv, Washer, Fridge And Lots More As Someone Is Running Business In The Leased Premises.

**BRANTFORD $499,000**
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**New Tecumseth $899,800**
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

**MISSISSAUGA $635,000**
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**WOODSTOCK $1,125,000**
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

## ਸੁਰਜੀਤ ਪਾਤਰ 17 ਅਗਸਤ ਨੂੰ ਆਪਣੀਆਂ ਕਾਵਿ-ਰਚਨਾਵਾਂ ਦੀ ਛਹਿਬਰ ਲਗਾਉਣਗੇ



ਬਰੈਂਪਟਨ, (ਡਾ. ਝੰਡ) -ਸਾਹਿਤਕ ਹਲਕਿਆਂ ਵਿਚ ਖ਼ਾਸ ਕਰਕੇ ਅਤੇ ਪੰਜਾਬੀ-ਬੋਲੀ ਨਾਲ ਮੋਹ ਰੱਖਣ ਵਾਲਿਆਂ ਲਈ ਵੀ ਇਹ ਖ਼ਾਸ ਖ਼ਬਰ ਹੈ ਕਿ ਪੰਜਾਬੀ ਦੇ ਸਿਰਮੌਰ ਕਵੀ ਸੁਰਜੀਤ ਪਾਤਰ 17 ਅਗਸਤ ਦਿਨ ਸ਼ਨੀਵਾਰ ਨੂੰ ਸ਼ਾਮ ਦੇ ਪੰਜ ਵਜੇ ਬਰੈਂਪਟਨ ਦੇ 'ਰੋਜ਼ ਥੀਏਟਰ' ਵਿਚ ਆਪਣੀਆਂ ਕਾਵਿ-ਰਚਨਾਵਾਂ ਦੀ ਛਹਿਬਰ ਲਗਾਉਣਗੇ। ਇਸ ਦੌਰਾਨ ਪ੍ਰਸਿੱਧ ਲੇਖਕ ਡਾ. ਵਰਿਆਮ ਸਿੰਘ ਸੰਧੂ ਸੁਰਜੀਤ ਪਾਤਰ ਨੂੰ ਆਪਣੇ ਹੀ ਅੰਦਾਜ਼ ਵਿਚ ਸਰੋਤਿਆਂ ਦੇ ਸਾਹਮਣੇ ਪੇਸ਼ ਕਰਨਗੇ ਅਤੇ ਉਨ੍ਹਾਂ ਬਾਰੇ ਆਪਣੇ ਵਿਚਾਰ ਵੀ ਪੇਸ਼ ਕਰਨਗੇ। ਇਸ ਸਮਾਗ਼ਮ ਵਿਚ ਉੱਘੇ-ਗਾਇਕ ਪ੍ਰੋ. ਉਪਕਾਰ ਸਿੰਘ, ਮੋਹਸਿਨ ਸ਼ੌਕਤ ਅਲੀ ਅਤੇ ਮਨਰਾਜ ਪਾਤਰ ਉਨ੍ਹਾਂ ਦੀਆਂ ਰਚਨਾਵਾਂ ਦਾ ਗਾਇਨ ਕਰਨਗੇ।

'ਪ੍ਰਾਈਮ ਏਸ਼ੀਆ ਟੀ.ਵੀ' ਅਤੇ 'ਸੀਰਤ ਐਂਟਰਟੇਨਮੈਂਟ' ਦੇ ਸਾਂਝੇ ਉੱਦਮ ਨਾਲ ਪੇਸ਼ ਕੀਤਾ ਜਾ ਰਿਹਾ ਇਹ ਸੰਗੀਤਮਈ-ਪ੍ਰੋਗਰਾਮ ਆਪਣੀ ਕਿਸਮ ਦਾ ਵਿਲੱਖਣ ਪ੍ਰੋਗਰਾਮ ਹੋਵੇਗਾ ਜਿਸ ਵਿਚ ਸਾਹਿਤਕ ਅਤੇ ਮਨੋਰੰਜਨ ਦੋਹਾਂ ਕਿਸਮਾਂ ਦੇ ਵੱਖ-ਵੱਖ ਰੰਗ ਮੌਜੂਦ ਹੋਣਗੇ। ਉਮੀਦ ਕੀਤੀ ਜਾਂਦੀ ਹੈ ਕਿ ਪੰਜਾਬੀ-ਸਰੋਤਿਆਂ ਨੂੰ ਇਹ ਰੰਗ ਜ਼ਰੂਰ ਪਸੰਦ ਆਉਣਗੇ। ਇਸ ਮਿਆਰੀ ਪ੍ਰੋਗਰਾਮ ਦਾ ਆਨੰਦ ਮਾਣਨ ਲਈ ਅੱਜ ਹੀ ਆਪਣੀ ਟਿਕਟ ਬੁੱਕ ਕਰਾਓ। ਇਸ ਮੰਤਵ ਲਈ ਸੁਪਨ ਸੰਧੂ ਦੇ ਫੌਨ ਨੰਬਰ +1 (647-620-6280 'ਤੇ ਕਾਲ ਕੀਤੀ ਜਾ ਸਕਦੀ ਹੈ।

## ਨਿਊਜ਼ੀਲੈਂਡ ਇਮੀਗ੍ਰੇਸ਼ਨ ਵੱਲੋਂ ਵੀਜ਼ਾ ਦੇਣ ਦੀ ਠੰਢੀ ਚਾਲ ਵਿਰੁਧ 3 ਅਗਸਤ ਨੂੰ ਔਕਲੈਂਡ ਸਿਟੀ 'ਚ ਹੋਵੇਗਾ ਰੋਸ ਮੁਜ਼ਾਹਰਾ

ਔਕਲੈਂਡ, 31 ਜੁਲਾਈ (ਹਰਜਿੰਦਰ ਸਿੰਘ ਬਸਿਆਲਾ): ਪਹਿਲਾਂ ਖੁਦ ਬਾਹਰ ਜਾਣਾ, ਚਾਹੇ ਉਹ ਪੜ੍ਹਾਈ ਵਾਸਤੇ ਹੋਵੇ ਜਾਂ ਕੰਮ ਵਾਸਤੇ ਹੋਵੇ ਉਸ ਤੋਂ ਬਾਅਦ ਸੈਟਲ ਹੋ ਕੇ ਪਹਿਲਾ ਸੁਪਨਾ ਹੁੰਦਾ ਹੈ ਕਿ ਉਨ੍ਹਾਂ ਦਾ ਪਰਿਵਾਰ ਆ ਕੇ ਨਾਲ ਰਹਿਣ ਲੱਗੇ ਤਾਂ ਕਿ ਜ਼ਿੰਦਗੀ ਦੇ ਸਜਾਏ ਸੁਪਨੇ ਪੂਰੇ ਕਰਨ ਵੱਲ ਅਗਲੇ ਕਦਮ ਪੁੱਟੇ ਜਾਣ। ਦੁਨੀਆ ਦੇ ਇਕ ਪਾਸੇ ਵਸਦੇ ਪ੍ਰਵਾਸੀ ਪਰਿਵਾਰ ਅਤੇ ਦੂਜੇ ਪਾਸੇ ਵਸਦੇ ਵਾਸੀ ਪਰਿਵਾਰ ਦੇ ਮਿਲਾਪ ਵਾਸਤੇ ਪ੍ਰਿੰਟ ਵੀਜ਼ੇ ਜਾਂ ਈ-ਵੀਜ਼ੇ ਦਾ ਪੁੱਲ ਹੋਣਾ ਜਰੂਰੀ ਹੈ। ਇਹ ਪੁੱਲ ਕਿਤੇ ਆਉਣ ਜਾਣ ਵਾਲਿਆਂ ਦੇ ਹੱਥ ਹੁੰਦਾ ਤਾਂ ਸੈਨਾ ਸਟਾਈਲ ਦੇ ਵਿਚ ਕਦੋਂ ਦਾ ਲੋਕਾਂ ਨੇ ਬਣਾ ਲੈਣਾ ਸੀ, ਪਰ ਇਥੇ ਪੁੱਲ ਬਨਾਉਣ ਦਾ ਕੰਮ ਨਿਊਜ਼ੀਲੈਂਡ ਇਮੀਗ੍ਰੇਸ਼ਨ ਦੇ ਹੱਥ ਵਿਚ ਹੈ। ਪਰਿਵਾਰਾਂ ਦੇ ਪਰਿਵਾਰ ਉਡਣ ਦੀ ਤਿਆਰੀ ਕਰੀ ਬੈਠੇ ਹਨ ਪਰ ਉਡੀਕਾਂ ਖੰਭ ਲਗਾਉਣ ਵਾਲੇ ਵੀਜ਼ੇ ਦੀਆਂ ਹੀ ਹਨ। ਨਿਊਜ਼ੀਲੈਂਡ ਇਮੀਗ੍ਰੇਸ਼ਨ ਦੀ ਵੀਜ਼ਾ ਵਿਤਰਣ ਪ੍ਰਣਾਲੀ ਦੀ ਠੰਢੀ ਚਾਲ ਨੇ ਵੀਜ਼ਾ ਮੰਗਣ ਵਾਲੇ ਤੱਤੇ ਕਰ ਦਿੱਤੇ ਹਨ। ਕੁਝ ਪੜ੍ਹੇ ਲਿਖੇ ਨੌਜਵਾਨਾਂ ਨੇ ਨਿਊਜ਼ੀਲੈਂਡ ਵੀਜ਼ਾ ਡੀਲੇਜ (;.) ਵੈਬਸਾਈਟ ਹੀ ਬਣਾ ਦਿੱਤੀ ਹੈ ਅਤੇ ਉਥੇ ਪਾਈਆਂ ਜਾ ਰਹੀਆਂ ਪੋਸਟਾਂ ਰਾਹੀਂ ਇਹ ਗਿਣਤੀ ਕੀਤੀ ਜਾ ਰਹੀ ਹੈ



ਹਰਜੀਤ ਸਿੰਘ ਦੀ ਆਪਣੇ ਵਿਆਹ ਦੀ ਤਸਵੀਰ ਅਤੇ ਸ਼ਗਨਾਂ ਵੇਲੇ ਸਿਰਜੇ ਸੁਪਨੇ।

ਕਿ ਹੁਣ ਤੱਕ ਕਿੰਨੇ ਕੁ ਲੋਕ ਵੀਜ਼ਾ ਪ੍ਰਣਾਲੀ ਦੀ ਢਿੱਲੀ ਕਾਰ ਗੁਜ਼ਾਰੀ ਤੋਂ ਪੀੜ੍ਹਤ ਹੋ ਚੁਕੇ ਹਨ। ਹਰਜੀਤ ਸਿੰਘ ਬਰਾੜ ਨਾਂਅ ਦੇ ਇਕ ਨੌਜਵਾਨ ਨੇ ਜਿੱਥੇ ਰਾਸ਼ਟਰੀ ਮੀਡੀਆ ਦੇ ਨਾਲ ਇਹ ਸਾਰਾ ਵਾਕਿਆ ਸਾਂਝਾ ਕੀਤਾ ਹੈ ਉਥੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਅਤੇ ਹੋਰ ਬਹੁਤ ਸਾਰੇ ਲੋਕ ਵੀਜ਼ਾ ਸ਼੍ਰੇਣੀਆਂ ਲਈ ਨਿਰਧਾਰਤ ਸਮਾਂ ਸੀਮਾਂ ਤੋਂ ਕਿਤੇ ਲੇਟ ਚੱਲ ਰਹੇ ਹਨ। ਉਨ੍ਹਾਂ ਦੀਆਂ ਫੀਸਾਂ ਜਮ੍ਹਾ ਹੋ ਚੁੱਕੀਆਂ ਹਨ, ਹਜ਼ਾਰਾਂ ਡਾਲਰ ਫੀਸਾਂ ਜਮ੍ਹਾਂ ਕਰਵਾਉਣ ਵਾਲੇ ਸੰਭਾਵੀ ਵਿਦਿਆਰਥੀ ਵੀ ਹਨ, ਪਰ ਇਮੀਗ੍ਰੇਸ਼ਨ ਵਿਭਾਗ ਕੋਲ ਸਟਾਫ ਦੀ ਘਾਟ ਕਾਰਨ ਵੀਜ਼ਾ ਅਰਜ਼ੀਆਂ ਨੂੰ ਵੀਜ਼ਾ ਅਫਸਰ ਨਹੀਂ ਮਿਲ ਰਹੇ। ਅਰਜ਼ੀ ਦਾਤਾਵਾਂ ਨੂੰ ਇਨਕੁਆਰੀ ਦੇ ਜਵਾਬ ਵਿਚ ਮਿੱਠੀ ਗੋਲੀ ਜਰੂਰ ਦੇ ਦਿੱਤੀ ਜਾਂਦੀ ਹੈ ਕਿ ਜਲਦੀ ਹੀ ਵੀਜ਼ਾ ਅਫਸਰ ਤੁਹਾਨੂੰ ਮਿਲ ਜਾਵੇਗਾ। ਸੂਤਰਾਂ ਅਨੁਸਾਰ ਸਿਰਫ ਮੁੰਬਈ ਦਫਤਰ ਹੀ ਸਾਰਾ ਭਾਰ ਚੁੱਕੀ ਫਿਰਦਾ ਹੈ ਇਸਦੇ ਉਲਟ ਵੀਜ਼ਾ ਪ੍ਰੋਸੈਸ ਜਾਂਚ-ਪੜ੍ਹਤਾਲ ਐਨੀ ਹੈ ਕਿ ਹਰੇਕ ਵਿਆਹ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। 6 ਸਾਲ ਅਤੇ 10 ਤੱਕ ਦੇ ਵਿਆਹ ਸਮੇਂ ਨੂੰ ਵੀ ਸ਼ੱਕੀ ਸਮਝਿਆ ਜਾਂਦਾ ਹੈ। ਕੰਮ ਵਿਚ ਤੇਜ਼ੀ ਲਿਆਉਣ ਲਈ ਵੀਜ਼ਾ ਅਰਜੀਆਂ ਨਿਊਜ਼ੀਲੈਂਡ ਮੰਗਵਾਉਣ ਦੀ ਗੱਲ ਵੀ ਚੱਲੀ ਸੀ, ਪਰ ਇਸਦਾ ਵੀ ਨਤੀਜਾ ਨਜ਼ਰ ਨਹੀਂ ਆ ਰਿਹਾ। ਹਰਜੀਤ ਸਿੰਘ ਬਰਾੜ 6 ਸਾਲ ਤੋਂ ਇਥੇ ਹੈ ਅਤੇ ਟੈਬ ਟੈਕਨੀਸ਼ੀਅਨ ਹੈ। ਪਿਛਲੇ ਸਾਲ ਨਵੰਬਰ ਮਹੀਨੇ ਉਸਦਾ ਵਿਆਹ ਹੋਇਆ ਸੀ, ਉਸਦੀ ਪਤਨੀ ਨੂੰ ਵਿਜ਼ਟਰ ਵੀਜ਼ਾ ਤੱਕ ਅਜੇ ਦੇਣ ਦਾ ਫੈਸਲਾ ਨਹੀਂ ਕੀਤਾ ਗਿਆ। ਇੰਡੀਆ ਰਹਿੰਦੇ ਬਹੁਤੇ ਲੋਕ (ਮੁੰਡੇ-ਕੁੜੀਆਂ) ਵੀਜ਼ਾ ਅਪਲਾਈ ਕਰਨ ਬਾਅਦ ਇਸ ਆਸ ਨਾਲ ਨੌਕਰੀ ਤੱਕ ਛੱਡ ਦਿੰਦੇ ਹਨ ਕਿ ਵੀਜ਼ਾ ਮਿਲਣਾ ਤਾਂ ਉਨ੍ਹਾਂ ਦਾ ਬਣਦਾ ਹੀ ਹੈ ਅਤੇ ਉਹ ਜਲਦੀ ਇਸ ਨੂੰ ਪ੍ਰਾਪਤ ਕਰ ਲੈਣਗੇ। ਹਾਲਾਤ ਇਹ ਵੀ ਹਨ ਕਿ ਕਈਆਂ ਲੜਕੀਆਂ ਦੇ ਮਾਪੇ ਐਨ. ਆਰ. ਆਈ. ਲੜਕਿਆਂ ਉਤੇ ਹੀ ਸ਼ੱਕ ਕਰਨੀ ਸ਼ੁਰੂ ਕਰ ਦਿੰਦੇ ਹਨ ਕਿ ਸ਼ਾਇਦ ਕੋਈ ਹੋਰ ਚੱਕਰ ਹੈ ਜਿਸ ਕਰਕੇ ਉਨ੍ਹਾਂ ਦਾ ਜਵਾਈ ਉਨ੍ਹਾਂ ਦੀ ਲੜਕੀ ਨੂੰ ਬੁਲਾਉਣ ਵਿਚ ਖੁਦ ਦੇਰੀ ਕਰ ਰਿਹਾ ਹੈ। ਨਵੀਂ ਬਣੀ ਵੈਬਸਾਈਟ ਉਤੇ ਹੁਣ ਤੱਕ 383 ਦੇ ਕਰੀਬ ਲੋਕਾਂ ਨੇ ਵੀਜ਼ਾ ਦੇਰੀ ਬਾਰੇ ਆਪਣੇ ਵਿਚਾਰ ਲਿਖ ਦਿੱਤੇ ਹਨ। 3 ਅਗਸਤ ਨੂੰ ਸਵੇਰੇ 11 ਵਜੇ ਔਕਲੈਂਡ ਦੇ ਓਟੀਆ ਸੁਕੇਅਰ ਵਿਖੇ ਰੋਸ ਮੁਜ਼ਾਹਰਾ ਵੀ ਕੀਤਾ ਜਾ ਰਿਹਾ ਹੈ। ਕੁਝ ਲੋਕਾਂ ਨੇ ਆਪਣੀ ਪੋਸਟ ਵਿਚ ਲਿਖਿਆ ਹੈ ਉਨ੍ਹਾਂ ਨੂੰ ਵੀਜ਼ਾ ਉਡੀਕਦਿਆਂ ਸਾਲ ਹੋਣ ਦੇ ਕਿਨਾਰੇ ਹੈ। ਵੀਜ਼ਾ ਸਟੇਟਸ ਚੈਕ ਕਰਨ ਉਤੇ ਵੀ ਇਹੀ ਦਿਸਦਾ ਹੈ ਕਿ ਤੁਹਾਡੀ ਅਰਜ਼ੀ ਪ੍ਰੋਸੈਸ ਦੇ ਵਿਚ ਹੈ। ਸੋ ਨਿਊਜ਼ੀਲੈਂਡ ਇਮੀਗ੍ਰੇਸ਼ਨ ਵੀਜ਼ਾ ਪ੍ਰਣਾਲੀ ਦੇ ਵਿਚ ਜੂੰਅ ਦੀ ਤੋਰ ਤੁਰ ਰਹੇ ਵੀਜ਼ਾ ਕੇਸਾਂ ਨੂੰ ਕਿਵੇਂ ਇਮੀਗ੍ਰੇਸ਼ਨ ਗਤੀ ਬਖਸ਼ਦੀ ਹੈ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਹ ਗੱਲ ਸੱਚੀ ਹੈ ਕਿ ਬਿਨਾਂ ਰੋਏ ਮਾਂ ਵੀ ਦੁੱਧ ਨਹੀਂ ਦਿੰਦੀ।

## ਪੰਜਾਬ ਦੀਆਂ ਵਿਕਾਸ ਅਥਾਰਟੀਆਂ ਵੱਲੋਂ ਜਾਇਦਾਦਾਂ ਦੀ ਈ-ਨਿਲਾਮੀ

ਚੰਡੀਗੜ੍ਹ, 31 ਜੁਲਾਈ (ਗਿਆਨ ਸਿੰਘ): ਪੁੱਡਾ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਅਧੀਨ ਕੰਮ ਕਰ ਰਹੀਆਂ ਹੋਰ ਸਾਰੀਆਂ ਵਿਸ਼ੇਸ਼ ਵਿਕਾਸ ਅਥਾਰਟੀਆਂ ਜਿਵੇਂ ਕਿ ਗਮਾਡਾ, ਪਟਿਆਲਾ ਵਿਕਾਸ ਅਥਾਰਟੀ (ਪੀ.ਡੀ.ਏ.), ਜਲੰਧਰ ਵਿਕਾਸ ਅਥਾਰਟੀ (ਜੇ.ਡੀ.ਏ.), ਗਲਾਡਾ, ਅੰਮ੍ਰਿਤਸਰ ਵਿਕਾਸ ਅਥਾਰਟੀ (ਏ.ਡੀ.ਏ.) ਅਤੇ ਬਠਿੰਡਾ ਵਿਕਾਸ ਅਥਾਰਟੀ (ਬੀ.ਡੀ.ਏ.) ਵੱਲੋਂ ਸੂਬੇ ਭਰ ਵਿੱਚ ਆਪਣੇ ਅਧਿਕਾਰ ਖੇਤਰ ਹੇਠ ਆਉਂਦੀਆਂ ਵੱਖ-ਵੱਖ ਪ੍ਰਾਪਰਟੀਆਂ ਦੀ ਮਹੀਨਾਵਾਰ ਈ-ਨਿਲਾਮੀ 1 ਅਗਸਤ, 2019 ਤੋਂ ਸਵੇਰੇ 9 ਵਜੇ ਸ਼ੁਰੂ ਕੀਤੀ ਜਾਵੇਗੀ। ਪੀ.ਡੀ.ਏ ਦੀ ਈ-ਨਿਲਾਮੀ 14 ਅਗਸਤ ਜਦਕਿ ਬਾਕੀ ਸਾਰੀਆਂ ਵਿਕਾਸ ਅਥਾਰਟੀਆਂ ਦੀ ਈ-ਨਿਲਾਮੀ 13 ਅਗਸਤ ਤੱਕ ਹੋਵੇਗੀ। ਇਹ ਜਾਣਕਾਰੀ ਦਿੰਦਿਆਂ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਇਸ ਨਿਲਾਮੀ ਵਿਚ ਲੋਕਾਂ ਨੂੰ ਉਦਯੋਗਿਕ, ਵਪਾਰਕ ਅਤੇ ਰਿਹਾਇਸ਼ੀ ਜਾਇਦਾਦਾਂ ਖਰੀਦਣਾਂ ਦਾ ਮੌਕਾ ਮਿਲੇਗਾ। ਈ-ਨਿਲਾਮੀ ਦੌਰਾਨ ਗਮਾਡਾ ਦੇ ਅਧਿਕਾਰ ਖੇਤਰ ਅਧੀਨ ਆਈ.ਟੀ. ਸਿਟੀ ਵਿਖੇ ਉਦਯੋਗਿਕ ਪਲਾਟ ਖਰੀਦੇ ਜਾ ਸਕਦੇ ਹਨ ਜੋ ਕਿ ਮੋਹਾਲੀ ਕੌਮਾਂਤਰੀ ਏਅਰਪੋਰਟ ਦੇ ਨਜ਼ਦੀਕ ਹਨ। ਇਸੇ ਤਰ੍ਹਾਂ ਰਾਜਪੁਰਾ ਸਥਿਤ ਉਦਯੋਗਿਕ ਪਲਾਟਾਂ ਦੀ ਵੀ ਨਿਲਾਮੀ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਲੁਧਿਆਣਾ ਦੇ ਚੰਡੀਗੜ੍ਹ ਰੋਡ 'ਤੇ ਸੈਕਟਰ 32-ਏ ਵਿਚਲੀ ਇਕ ਹੋਟਲ ਸਾਈਟ, ਆਈ.ਟੀ. ਸਿਟੀ, ਐਸ.ਏ.ਐਸ. ਨਗਰ 'ਚ ਦੋ ਹੋਟਲ ਸਾਈਟਾਂ ਅਤੇ ਨਿਊ ਚੰਡੀਗੜ੍ਹ ਵਿਖੇ ਇਕ ਪੈਟਰੋਲ ਪੰਪ ਸਾਈਟ ਨੂੰ ਖਰੀਦਣ ਦਾ ਵੀ ਲੋਕਾਂ ਨੂੰ ਮੌਕਾ ਮਿਲੇਗਾ। ਬਟਾਲਾ ਦੇ ਨਿਊ ਅਰਬਨ ਅਸਟੇਟ ਵਿਖੇ ਇਕ ਸਕੂਲ ਸਾਈਟ ਅਤੇ ਹੋਰ ਵਪਾਰਕ ਥਾਂਵਾਂ ਵੀ ਇਸ ਈ-ਨਿਲਾਮੀ ਦੌਰਾਨ ਖਰੀਦੀਆਂ ਜਾ ਸਕਦੀਆਂ ਹਨ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
- ਅਸੀਂ ਸੌਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

## ਇਕ ਹਜ਼ਾਰ ਤੋਂ ਵਧੇਰੇ ਲੋਕਾਂ ਦੀ ਭੀੜ ਐੱਮ.ਪੀ. ਰੂਬੀ ਸਹੋਤਾ ਦੀ ਮੁੜ ਚੋਣ-ਮੁਹੰਮ ਨੂੰ ਸ਼ੁਰੂ ਕਰਨ ਲਈ ਇਕੱਠੀ ਹੋਈ




ਬਰੈਂਪਟਨ, -ਹੁਣ ਜਦ ਕਿ ਫ਼ੈੱਡਰਲ ਚੋਣਾਂ ਵਿਚ 100 ਤੋਂ ਵੀ ਘੱਟ ਦਿਨ ਰਹਿ ਗਏ ਹਨ, ਬਰੈਂਪਟਨ ਨੌਰਥ ਦੀ ਮੌਜੂਦਾ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਦੀ ਚੋਣ-ਮੁਹਿੰਮ ਨੂੰ ਮੁੜ ਭਰਵਾਂ ਹੁੰਗਾਰਾ ਦੇਣ ਲਈ ਇਕ ਹਜ਼ਾਰ ਤੋਂ ਵੀ ਵਧੇਰੇ ਲੋਕ ਉਸ ਦੇ ਨੌਰਥ ਪਾਰਕ ਡਰਾਈਵ ਅਤੇ ਡਿਕਸੀ ਰੋਡ ਇੰਟਰਸੈੱਕਸ਼ਨ ਨੇੜਲੇ ਚੋਣ-ਦਫ਼ਤਰ ਵਿਚ ਇਕੱਤਰ ਹੋਏ। ਜ਼ਿਕਰਯੋਗ ਹੈ ਕਿ ਰੂਬੀ ਸਹੋਤਾ ਇਕ ਅਣਥੱਕ ਚੈਂਪੀਅਨ ਅਤੇ ਔਟਵਾ ਵਿਚ ਬਰੈਂਪਟਨ ਦੀ ਮਜ਼ਬੂਤ ਆਵਾਜ਼ ਬਣੀ ਰਹੀ ਹੈ। ਉਸ ਨੇ ਸਮੇਂ-ਸਮੇਂ ਬਰੈਂਪਟਨ ਵਿਚ ਇਨਫ਼ਰਾ-ਸਟਰੱਕਚਰ, ਪਬਲਿਕ ਟਰਾਂਜ਼ਿਟ ਫ਼ੰਡਿੰਗ, ਸਿਟੀ ਕਾਊਂਸਲ ਲਈ ਪ੍ਰਾਪਰਟੀ ਟੈਕਸ ਨੂੰ ਫ਼ਰੀਜ਼ ਕਰਨ ਲਈ ਗੈਸ ਟਰਾਂਸਫ਼ਰ ਨੂੰ ਦੁੱਗਣਾ ਕਰਨ ਅਤੇ ਬਰੈਂਪਟਨ ਵਿਚ ਸਾਈਬਰਸਕਿਉਰ ਕੈਟਾਲਿਸਟ ਲਿਆਉਣ ਲਈ ਰਾਇਰਸਨ ਯੂਨੀਵਰਸਿਟੀ ਨਾਲ ਭਾਈਵਾਲੀ ਪਾਉਣ ਵਰਗੇ ਮੁੱਦਿਆਂ ਲਈ ਬਰੈਂਪਟਨ ਦੀ ਆਵਾਜ਼ ਬੁਲੰਦ ਕੀਤੀ ਹੈ।

ਲਿਬਰਲ ਪਾਰਟੀ ਦੀ ਮੈਂਬਰ ਵਜੋਂ ਰੂਬੀ ਨੂੰ ਆਪਣੇ ਸਾਥੀ ਪਾਰਲੀਮੈਂਟ ਮੈਂਬਰਾਂ ਨਾਲ ਮਿਡਲ ਕਲਾਸ ਅਤਤੇ ਛੋਟੇ ਕਾਰੋਬਾਰੀਆਂ ਲਈ ਟੈਕਸ ਘੱਟ ਕਰਨ, ਪਰਿਵਾਰਾਂ ਅਤੇ ਸੀਨੀਅਰਾਂ ਦੇ ਲਾਭਾਂ ਦੇ ਵਿਸਥਾਰ ਅਤੇ ਬਹੁ-ਮੁਖੀ ਟਰੇਡ ਸਮਝੌਤਿਆਂ ਨੂੰ ਸਿਰੇ ਚੜ੍ਹਾਉਣ ਉੱਪਰ ਫ਼ਖ਼ਰ ਹਾਸਲ ਹੈ। ਲਿਬਰਲ ਸਰਕਾਰ ਦੀਆਂ ਇਨ੍ਹਾਂ ਪਾਲਸੀਆਂ ਨਾਲ ਕੈਨੇਡਾ-ਵਾਸੀਆਂ ਲਈ ਇਕ ਮਿਲੀਅਨ ਤੋਂ ਉੱਪਰ ਨੌਕਰੀਆਂ ਪੈਦਾ ਹੋਈਆਂ ਹਨ, ਦੇਸ਼ ਵਿਚ ਬੇਰੋਜ਼ਗਾਰੀ ਦੀ ਦਰ ਇਸ ਦੇ ਇਤਿਹਾਸ ਵਿਚ ਘੱਟ ਤੋਂ ਘੱਟ ਪੱਧਰ 'ਤੇ ਪਹੁੰਚੀ ਹੈ ਅਤੇ 800,000 ਲੋਕਾਂ ਨੂੰ ਗ਼ਰੀਬੀ-ਰੇਖਾਂ ਤੋਂ ਉੱਪਰ ਚੁੱਕਿਆ ਗਿਆ ਹੈ। ਇਸ ਮੌਕੇ ਬੋਲਦਿਆਂ ਰੂਬੀ ਸਹੋਤਾ ਨੇ ਕਿਹਾ,"ਸਾਡੀ ਫ਼ੈੱਡਰਲ ਲਿਬਰਲ ਸਰਕਾਰ ਪਹਿਲੇ ਦਿਨ ਤੋਂ ਹੀ ਕੈਨੇਡਾ-ਵਾਸੀਆਂ ਅਤੇ ਬਰੈਂਪਟਨ-ਵਾਸੀਆਂ ਲਈ ਵਧੀਆ ਅਤੇ ਨਿਵੇਕਲਾ ਕੰਮ ਕਰ ਰਹੀ ਹੈ। ਇਸ ਨੂੰ ਹੋਰ ਅੱਗੇ ਵਧਾਉਣ ਅਤੇ ਆਪਣੀਆਂ ਕਮਿਊਨਿਟੀਆਂ ਦੀ ਬੇਹਤਰੀ ਲਈ ਸਰਕਾਰੀ ਨਿਵੇਸ਼ ਨੂੰ ਜਾਰੀ ਰੱਖਣ ਲਈ ਮੈਨੂੰ ਬਰੈਂਪਟਨ ਨੌਰਥ ਵਿੱਚੋਂ ਮੁੜ ਚੋਣ ਲੜਨ ਵਿਚ ਮਾਣ ਮਹਿਸੂਸ ਹੋ ਰਿਹਾ ਹੈ।" ਜੇਕਰ ਤੁਸੀਂ ਰੂਬੀ ਸਹੋਤਾ ਨਾਲ ਸੰਪਰਕ ਕਰਨਾ ਚਾਹੁੰਦੇ ਹੋ ਜਾਂ ਟੀਮ ਸਹੋਤਾ ਵਿਚ ਵਾਲੰਟੀਅਰ ਵਜੋਂ ਕੰਮ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਉਨ੍ਹਾਂ ਦੀ ਈ-ਮੇਲ ਚੋਨਟਅਚਟ@ਰੁਬੇਸਅਹੋ-ਟਅ।ਚਅ ਜਾਂ ਦਫ਼ਤਰ ਦੇ ਫ਼ੋਨ ਨੰਬਰ 905-615-8485 'ਤੇ ਸੰਪਰਕ ਕਰ ਸਕਦੇ ਹੋ।

## ਮੋਰੋ ਪਾਰਕ ਸੀਨੀਅਰਜ਼ ਕਲੱਬ ਵੱਲੋਂ ਕੈਨੇਡਾ ਡੇਅ ਪ੍ਰੋਗਰਾਮ ਦਾ ਆਯੋਜਨ

ਬਰੈਂਪਟਨ, 31 ਜੁਲਾਈ (ਪੋਸਟ ਬਿਊਰੋ)- ਬੀਤੀ 21 ਜੁਲਾਈ ਨੂੰ ਮੋਰੋ ਪਾਰਕ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਸੈਵਰਿਨ ਸਟਰੀਟ ਸਥਿਤ ਮੋਰੋ ਪਾਰਕ ਵਿਚ ਕੈਨੇਡਾ ਡੇ ਮਨਾਇਆ ਗਿਆ। ਜਿਸ ਵਿਚ ਬੱਚਿਆਂ ਦੀਆਂ ਖੇਡਾਂ, ਔਰਤਾਂ ਦੀਆਂ ਤੇ ਕਈ ਹੋਰ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ। ਮੋਰੋ ਪਾਰਕ ਦੇ ਕਲੱਬ ਦੇ ਪ੍ਰਧਾਨ ਸ੍ਰੀ ਦਲਜੀਤ ਸਿੰਘ ਢਿੱਲੋਂ ਨੇ ਸਿਟੀ ਕੌਂਸਲਰ ਸ੍ਰੀ ਹਰਕੀਰਤ ਸਿੰਘ ਤੇ ਸਕੂਲ ਟਰੱਸਟੀ ਬਲਬੀਰ ਸੋਹੀ ਦਾ ਵੀ ਸਨਮਾਨ ਤੇ ਧੰਨਵਾਦ ਕੀਤਾ। ਖਿਡਾਰੀਆਂ ਨੂੰ ਵਾਰਡ ਨੰਬਰ 9 ਅਤੇ 10 ਦੇ ਕਾਉਸਲਰ ਸ੍ਰੀ ਹਰਵੀਰ ਸਿੰਘ ਨੇ ਇਨਾਮ ਵੰਡੇ। ਕਲੱਬ ਵਲੋਂ ਸਾਰਿਆ ਦਾ ਧੰਨਵਾਦ ਕੀਤਾ ਗਿਆ।



## ਪੰਜਾਬ ਦੇ ਭਖਦੇ ਮਸਲਿਆਂ 'ਤੇ ਦੋ ਰੋਜ਼ਾ ਕਾਨਫਰੰਸ'ਚ ਸਮਾਪਤ

### ਭਵਿੱਖ ਦੀ ਰਣਨੀਤੀ ਲਈ ਅਗਲੀ ਮੀਟਿੰਗ 11 ਅਗਸਤ ਨੂੰ ਲੁਧਿਆਣਾ ਵਿਖੇ *ਲੋਕ ਅਧਿਕਾਰ ਲਹਿਰ ਦਾ ਗਠਨ, ਪ੍ਰੋ. ਸਰਦਾਰਾ ਸਿੰਘ ਜੌਹਲ ਬਣੇ ਕਨਵੀਨਰ



ਮੋਗਾ, 30 ਜੁਲਾਈ (ਗਿਆਨ ਸਿੰਘ) ਪਿੰਡ ਖੋਸਾ ਪਾਂਡੋ ਦੇ ਗੁਰਦੁਆਰਾ ਬਾਬਾ ਸ਼ਹੀਦਾਂ ਵਿਖੇ ਜੈ ਪੰਜਾਬ ਫੋਰਮ ਅਤੇ ਅਸੂਲ ਮੰਚ ਪੰਜਾਬ ਵੱਲੋਂ ਪੰਜਾਬ ਦੇ ਭਖਦੇ ਮਸਲਿਆਂ ਤੇ ਵਿਗੜੇ ਹੋਏ ਆਰਥਿਕ ਸਮਾਜਿਕ ਅਤੇ ਰਾਜਨੀਤਕ ਮਾਹੌਲ ਉਤੇ 'ਕੇਹਾ ਕਰਨਾ ਲੋੜੀਏ' ਦੋ ਰੋਜਾ ਕਾਨਫਰੰਸ 'ਚ ਸਮਾਪਤੀ ਮੌਕੇ ਵੱਖ ਵੱਖ ਗੈਰ ਸਰਕਾਰੀ ਸੰਸਥਾਵਾਂ ਅਤੇ ਬੁੱਧੀਜੀਵੀਆਂ ਨੇ ਪੰਜਾਬ ਦੇ ਹਿਤਾਂ ਲਈ ਝੰਡਾਂ ਚੁੱਕਣ ਦਾ ਪ੍ਰਣ ਲਿਆ।



ਮੰਥਨ ਕਾਨਫਰੰਸ'ਚ ਸੂਬਾ ਭਰ'ਚੋਂ ਸੈਂਕੜੇ ਚਿੰਤਕ, ਕਾਲਮ ਨਵੀਸ ਤੇ ਹੋਰ ਬੁੱਧੀਜੀਵੀਆਂ ਤੋਂ ਇਲਾਵਾ 80 ਐਨਜੀਓਜ਼,15 ਜਨਤਕ ਜਥੇਬੰਦੀ ਦੇ ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਫ਼ਾਰਮ ਭਰਵਾਏ ਗਏ ਜਿੰਨ੍ਹਾਂ ਵਿਚ ਸੂਬੇ ਦੇ ਹਿਤਾਂ ਲਈ ਪੰਜਾਬ 'ਚ ਲੋਕ ਹੱਕਾਂ ਲਈ ਲਹਿਰ ਖੜ੍ਹੀ ਕਰਨ ਦਾ ਲਿਖਤੀ ਪ੍ਰਗਟਾਵਾ ਕੀਤਾ ਗਿਆ। ਮੰਚ ਤੋਂ ਬੁਲਾਰਿਆਂ ਨੇ ਆਪੋ ਆਪਣੇ ਜ਼ਿਲ੍ਹਿਆਂ'ਚ ਅਜਿਹੀ ਕਾਨਫਰੰਸਾਂ ਕਰਵਾਉਣ ਲਈ ਪ੍ਰੋਗਰਾਮ ਦੇਣ ਕਰਨ ਦੀ ਗੱਲ ਆਖੀ। ਇਸ ਮੌਕੇ ਇੱਕਜੁੱਟਤਾ ਨਾਲ ਸੂਬੇ ਦੇ ਹਿਤਾਂ ਲਈ ਝੰਡਾਂ ਚੁੱਕਣ ਦਾ ਅਹਿਦ ਲੈਂਦੇ ਹੋਏ ''ਲੋਕ ਅਧਿਕਾਰ ਲਹਿਰ ਦਾ ਗਠਨ'' ਕਰਕੇ ਪ੍ਰਸਿੱਧ ਅਰਥ ਸ਼ਾਸਤਰੀ ਪ੍ਰੋ.ਸਰਦਾਰਾ ਸਿੰਘ ਜੌਹਲ ਨੂੰ ਕਨਵੀਨਰ ਥਾਪਿਆ ਗਿਆ । ਇਸ ਜਥੇਬੰਦੀ ਦੇ ਵਿਸਤਾਰ ਤੇ ਭਵਿੱਖ ਦੀ ਰਣਨੀਤੀ ਲਈ ਅਗਲੀ ਮੀਟਿੰਗ 11 ਅਗਸਤ ਨੂੰ ਲੁਧਿਆਣਾ ਵਿਖੇ ਸੱਦੀ ਗਈ ਹੈ।

ਇਸ ਮੌਕੇ ਪ੍ਰੋ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਭਵਿੱਖ'ਚ 5 ਵਿਸ਼ਿਆ ਖੇਤੀਬਾੜੀ ਤੇ ਰੁਜ਼ਗਾਰ, ਸਿੱਖਿਆ, ਸਿਹਤ ਤੇ ਰੁਜਗਾਰ,ਵਪਾਰ ਸਨਅਤ ਤੇ ਰੁਜ਼ਗਾਰ, ਸਮਾਜਿਕ ਸੁਰੱਖਿਆ, ਲੋਕ ਬੋਲੀ, ਪਾਣੀਆਂ ਆਦਿ ਮਸਲਿਆਂ ਉੱਤੇ ਸੂਬਾ ਭਰ 'ਚ ਸੈਮੀਨਾਰ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਕੋਲ ਪੰਜਾਬ ਦੇ ਹਿੱਤ ਬਚਾਉਣ ਲਈ ਹਾਲੇ ਵੀ ਸੁਨਹਿਰੀ ਮੌਕਾ ਹੈ। ਸਿਆਸੀ ਪਾਰਟੀਆਂ ਝੂਠੇ ਵਾਅਦੇ ਕਰ ਕੇ ਲੋਕਾਂ ਨਾਲ ਧੋਖਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਮੇਂ ਦੀਆਂ ਹਕੂਮਤਾਂ ਦੀਆਂ ਮਾੜੀਆਂ ਨੀਤੀਆਂ ਕਰ ਕੇ ਹੀ ਅੱਜ ਕਿਸਾਨ ਤੇ ਮੁਲਾਜਮ ਤੇ ਹੋਰ ਵਰਗ ਸੜਕਾਂ 'ਤੇ ਉਤਰੇ ਹੋਏ ਹਨ। ਉਨ੍ਹਾਂ ਲੋਕ ਅਧਿਕਾਰ ਲਹਿਰ ਨਾਲ ਜੁੜਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਪੰਜਾਬ ਤੇ ਪੰਜਾਬੀਆਂ ਦੇ ਹਿੱਤ ਨਾਲ ਜੁੜੇ ਮਸਲਿਆਂ ਅਤੇ ਸਮੱਸਿਆਵਾਂ ਦੇ ਹੱਲ ਲਈ ਹਕੂਮਤ ਨੂੰ ਮਜਬੂਰ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਦੇ ਹਿੱਤਾਂ ਲਈ ਇੱਕ ਮੰਚ ਉੱਤੇ ਇਕੱਠੇ ਹੋ ਕੇ ਝੰਡਾ ਚੁੱਕਣ ਦਾ ਸੱਦਾ ਦਿੱਤਾ।

ਇਸ ਕਾਨਫਰੰਸ ਨੂੰ ਡਾ.ਹਰਕੇਸ ਸਿੰਘ ਸਿੱਧੂ,ਕੁਲਬੀਰ ਸਿੰਘ ਸਿੱਧੂ,ਅਸ਼ੋਕ ਗੁਪਤਾ (ਤਿੰਨੇ ਸੇਵਾ ਮੁਕਤ ਆਈਏਐੱਸ) ਲੇਖ ਰਾਜ ਨਈਅਰ (ਸੇਵਾ ਮੁਕਤ ਆਈਆਰਐੱਸ) ਬੀਬੀ ਪਰਮਜੀਤ ਕੌਰ ਖਾਲੜਾ, ਡਾ.ਕਸ਼ਮੀਰ ਸਿੰਘ ਸੋਹਲ,ਡਾ.ਹਰਦਿਆਲ ਸਿੰਘ ਘਰਿਆਲਾ, ਬਲਵੰਤ ਸਿੰਘ ਖੇੜਾ, ਡਾ.ਚਮਨ ਲਾਲ ਵਸ਼ਿਸਟ, ਡਾ.ਮੁਖਤਿਆਰ ਸਿੰਘ, ਕਾਲਮ ਨਵੀਸ ਗੁਰਮੀਤ ਪਲਾਹੀ, ਗੁਰਚਰਨ ਨੂਰਪੁਰ, ਡਾ.ਦਵਿੰਦਰ ਸੈਫ਼ੀ, ਐਡਵੋਕੇਟ ਮਨਜਿੰਦਰ ਸਿੰਘ,ਐਡਵੋਕੇਟ ਸਤਿੰਦਰਪਾਲ ਸਿੰਘ, ਬਾਬੂ ਸਿੰਘ ਬਰਾੜ, ਪ੍ਰੀਤਮ ਸਿੰਘ ਅਖਾੜਾ, ਨਵਦੀਪ ਸਿੰਘ ਸੰਘਾ, ਬਾਬਾ ਗੁਰਮੀਤ ਸਿੰਘ, ਮਹਿੰਦਰਪਾਲ ਲੂੰਬਾਂ, ਵਾਤਾਵਰਣ ਪ੍ਰੇਮੀ ਡਾ.ਹਰਨੇਕ ਸਿੰਘ ਰੋਡੇ,ਗਿਆਨ ਸਿੰਘ ਸਾਬਕਾ ਡੀਪੀਆਰਓ ਤੇ ਵੱਖ ਵੱਖ ਗੈਰ ਸਰਕਾਰੀ ਸੰਸਥਾਵਾਂ ਅਤੇ ਬੁੱਧੀਜੀਵੀਆਂ ਨੇ ਵੱਡੀ ਗਿਣਤੀ'ਚ ਸ਼ਿਰਕਤ ਕੀਤੀ। ਮੰਚ ਦਾ ਸੰਚਲਣ ਅਸੂਲ ਮੰਚ ਆਗੂ ਬਲਵਿੰਦਰ ਸਿੰਘ ਨੇ ਬਾਖੂਬੀ ਨਿਭਾਇਆ।

# ਸੰਪਾਦਕੀ

## ਸੀਨੀਅਰਾਂ ਦੀ ਸੀਰੀਅਲ ਕਿੱਲਰ ਦੀ ਗਾਥਾ ਤੋਂ ਮਿਲਦੇ ਸਬਕ

"ਮੈਂ ਜਦੋਂ ਚਲੀ ਜਾਵਾਂਗੀ, ਉਹ ਕੀ ਆਖਣਗੇ?
ਹਾਂ, ਉਹ ਕੀ ਆਖਣਗੇ ਜਦੋਂ ਸੱਚ ਉਜਾਗਰ ਹੋਵੇਗਾ
ਜਦੋਂ ਇਹ ਪਤਾ ਲੱਗੇਗਾ ਕਿ
ਮੈਂ ਜਦੋਂ ਇੱਕਲੀ ਹੁੰਦੀ ਹਾਂ ਤਾਂ ਕੀ ਕਰਦੀ ਹਾਂ"

ਉਪਰੋਕਤ ਸਤਰਾਂ ਐਲਿਜ਼ਾਬੈਥ ਟਰੇਸੀ ਮੇਅ ਵੈਟਲਾਉਫਰ (Elizabeth Tracy Mae Wettlaufer) ਵੱਲੋਂ ਲਿਖੀ ਕਵਿਤਾ ਚੋਂ ਲਈਆਂ ਗਈਆਂ ਹਨ ਜਿਸਦੇ ਸੰਦੇਸ਼ ਨੇ ਸਮਾਂ ਪਾ ਕੇ ਸੱਚ ਸਾਬਤ ਹੋ ਜਾਣਾ ਸੀ। 10 ਜੂਨ 1967 ਨੂੰ ਜਨਮੀ ਇਹ ਉਹ ਐਲਿਜ਼ਾਬੈੱਥ ਹੈ ਜਿਸਨੇ ਨਰਸ ਵਜੋਂ ਡਿਊਟੀ ਨਿਭਾਉਂਦਿਆਂ 2007 ਅਤੇ 2016 ਦੇ ਅਰਸੇ ਦੌਰਾਨ 8 ਸੀਨੀਅਰ ਸਿਟੀਜ਼ਨਾਂ ਦਾ ਕਤਲ ਕੀਤਾ ਸੀ ਅਤੇ 6 ਹੋਰਾਂ ਦੀ ਜਾਨ ਲੈਣ ਦੇ ਯਤਨ ਕੀਤੇ ਸਨ। ਉਸਨੂੰ ਕੈਨੇਡਾ ਦੇ ਇਤਿਹਾਸ ਵਿੱਚ ਹੋਏ ਸੱਭ ਤੋਂ ਗੰਭੀਰ ਸੀਰੀਅਲ ਕਿੱਲਰਾਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ। ਐਲਿਜ਼ਾਬੈੱਥ ਵੱਲੋਂ ਕੀਤੇ ਗਏ ਕਤਲਾਂ ਦੇ ਕਾਰਣਾਂ ਅਤੇ ਹਾਲਾਤਾਂ ਬਾਰੇ ਜਾਂਚ ਕਰਨ ਵਾਲੀ ਟੀਮ ਵੱਲੋਂ ਕੱਲ ਆਪਣੀ ਰਿਪੋਰਟ ਜਾਰੀ ਕੀਤੀ ਗਈ। ਇਸ ਰਿਪੋਰਟ ਨੇ ਇੱਕ ਗੱਲ ਸਾਫ਼ ਕੀਤੀ ਹੈ ਕਿ ਜਿੰਨਾ ਕਸੂਰ ਐਲਿਜ਼ਾਬੈੱਥ ਦਾ ਹੈ ਉੱਨਾ ਹੀ ਕਸੂਰ ਉਸ ਸਿਸਟਮ ਦਾ ਹੈ ਜਿਸ ਦੀਆਂ ਕਮਜ਼ੋਰੀਆਂ ਅਤੇ ਨਾਕਾਮੀਆਂ ਕਾਰਣ ਉਸਨੂੰ ਇੱਕ ਤੋਂ ਬਾਅਦ ਇੱਕ ਸੀਨੀਅਰ ਸਿਟੀਜ਼ਨ ਨੂੰ ਕਤਲ ਕਰਨ ਦੀ ਖੁੱਲ ਮਿਲੀ। ਰਿਪੋਰਟ ਮੁਤਾਬਕ ਹਾਲਾਤ ਐਨੇ ਮਾੜੇ ਹਨ ਕਿ ਜੇ ਐਲਿਜਾਬੈਥ ਇਹਨਾਂ ਕਤਲਾਂ ਬਾਰੇ ਖੁਦ ਕਬੂਲ ਨਾ ਕਰਦੀ ਤਾਂ ਸਿਸਟਮ ਤੋਂ ਖੁਦ ਅਣਆਈਆਂ ਮੌਤਾਂ ਦੇ ਸੱਚ ਦਾ ਕਦੇ ਵੀ ਪਰਦਾਫਾਸ਼ ਨਾ ਹੁੰਦਾ।

ਵਰਨਣਯੋਗ ਹੈ ਕਿ ਵੁੱਡਸਟਾਕ (ਉਂਟੇਰੀਓ) ਵਿੱਚ ਜੰਮੀ ਪਲੀ ਐਲਿਜ਼ਾਬੈੱਥ ਦੇ ਬਚਪਨ ਦੇ ਮੁੱਢਲੇ ਦਿਨ ਇੱਕ ਧਾਰਮਿਕ ਪ੍ਰਬਿਰਤੀ ਵਾਲੇ ਪਰਿਵਾਰ ਵਿੱਚ ਬੀਤੇ। ਉਸਨੇ ਈਸਾਈ ਮਿਸ਼ਨਰੀ London Baptist Bible College ਤੋਂ 'ਧਾਰਮਿਕ ਸਿੱਖਿਆ' ਵਿੱਚ ਬੀ.ਏ. ਤੱਕ ਪੜ੍ਹਾਈ ਕੀਤੀ ਜਿਸ ਉਪਰੰਤ ਕੋਨੈਸਟੋਟਾ ਕਾਲਜ ਤੋਂ ਨਰਸਿੰਗ ਦੀ ਪੜਾਈ ਕੀਤੀ। 2007 ਵਿੱਚ ਉਸਨੇ ਵੁੱਡਸਟਾਕ ਵਿੱਚ ਸਥਿਤ ਕੇਅਰਸੈਂਟ ਕੇਅਰ (Caressant Care) ਲੌਂਗ ਟਰਮ ਕੇਅਰ ਸੈਂਟਰ ਵਿੱਚ ਮਰੀਜ਼ਾਂ ਨੂੰ ਲੋੜੋਂ ਵੱਧ ਇਨਸੁਲਿਨ ਦੇ ਕੇ ਮਾਰਨਾ ਆਰੰਭ ਕਰ ਦਿੱਤਾ ਸੀ। ਉਸ ਵੱਲੋਂ ਕੀਤੇ ਕਤਲਾਂ ਦਾ ਕਦੇ ਕਿਸੇ ਨੂੰ ਪਤਾ ਨਾ ਲੱਗਦਾ ਜੇ ਸਤੰਬਰ 2016 ਵਿੱਚ ਉਹ ਟੋਰਾਂਟੋ ਵਿਖੇ ਸੈਂਟਰ ਫਾਰ ਐਡਿਕਸ਼ਨ ਐਂਡ ਮੈਂਟਲ ਹੈਲਥ ਵਿਖੇ ਖੁਦ ਸਾਰੀ ਗੱਲ ਮਾਨਸਿਕ ਰੋਗਾਂ ਦੇ ਮਾਹਰ ਕਾਉਂਸਲਰਾਂ ਨਾਲ ਸਾਂਝੀ ਨਾ ਕਰਦੀ। ਐਲਿਜ਼ਾਬੈਥ ਮੁਤਾਬਕ ਹਰ ਕਤਲ ਕਰਨ ਵੇਲੇ ਉਸਨੂੰ 'ਗਲਤ ਅਤੇ ਸਹੀ' ਵਿੱਚ ਫ਼ਰਕ ਦਾ ਪਤਾ ਹੁੰਦਾ ਸੀ ਪਰ ਅਚਾਨਕ ਉਸ ਵਿੱਚ ਕੋਈ ਵਲਵਲਾ ਉੱਠਦਾ ਸੀ ਜੋ ਕਤਲ ਕਰਨ ਲਈ ਮਜ਼ਬੂਰ ਕਰ ਦੇਂਦਾ ਸੀ। 'ਰੱਬ ਜਾਂ ਸ਼ੈਤਾਨ ਜਾਂ ਕੁੱਝ ਹੋਰ, ਪਰ ਕੁੱਝ ਸੀ ਜੋ ਮੈਨੂੰ ਕਤਲ ਕਰਨ ਲਈ ਆਖਦਾ ਸੀ"। ਐਲਿਜ਼ਾਬੈਥ ਮੁਤਾਬਕ ਹਰ ਕਤਲ ਤੋਂ ਬਾਅਦ ਉਸਨੂੰ ਆਪਣੀ ਹੀ ਆਵਾਜ਼ ਸੁਣਾਈ ਦੇਂਦੀ ਜੋ ਇੰਝ ਮਹਿਸੂਸ ਹੁੰਦੀ ਸੀ ਜਿਵੇਂ ਨਰਕ ਦੀ ਕੰਧ ਤੋੜ ਕੇ ਨਿਕਲੀ ਹੋਵੇ।

ਜਿਵੇਂ ਅਕਸਰ ਹੁੰਦਾ ਹੈ, ਐਲਿਜ਼ਾਬੈਥ ਦੇ ਕਾਂਡ ਬਾਰੇ ਮਾਹਰਾਂ ਦੀ 1500 ਪੰਨਿਆਂ ਦੀ ਰਿਪੋਰਟ ਵਿੱਚ ਲੌਂਗ ਕੇਅਰ ਕੇਂਦਰਾਂ ਵਿੱਚ ਸਥਿਤੀ ਨੂੰ ਸੁਧਾਰਨ ਲਈ 91 ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਸਿਫਾਰਸ਼ਾਂ ਦੀ ਐਨੀ ਲੰਬੀ ਲਿਸਟ ਲੌਂਗ ਟਰਮ ਕੇਅਰ ਕੇਂਦਰਾਂ ਵਿੱਚ ਸਥਿਤੀ ਨੂੰ ਸੁਧਾਰਨ ਦੀ ਲੋੜ ਬਾਰੇ ਖੁਦ-ਬ-ਖੁਦ ਦੱਸਦੀ ਹੈ। ਲਿਸਟ ਇਸ ਗੱਲ ਦਾ ਵੀ ਸੂਚਕ ਹੈ ਕਿ ਜੇ ਸਰਕਾਰ ਨੇ ਸਮੇਂ ਸਿਰ ਕਦਮ ਨਾ ਚੁੱਕੇ ਤਾਂ ਸਾਰੀਆਂ ਸਿਫਾਰਸ਼ਾਂ ਸਮੇਂ ਦੀ ਗਰਦਸ਼ ਵਿੱਚ ਰੁਲ ਜਾਣਗੀਆਂ।

ਉਂਟੇਰੀਓ ਵਿੱਚ ਸੀਨੀਅਰਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਬੀਤੇ ਸਮੇਂ ਦੀਆਂ ਪਰਿਵਾਰਕ ਰਿਵਾਇਤਾਂ ਦੇ ਕਮਜ਼ੋਰ ਹੋਣ ਕਾਰਣ ਜ਼ਿਆਦਾ ਸੀਨੀਅਰਾਂ ਦਾ ਲੌਂਗ ਟਰਮ ਕੇਅਰ ਵਿੱਚ ਰਹਿਣਾ ਇੱਕ ਮਜ਼ਬੂਰੀ ਬਣ ਚੁੱਕਾ ਹੈ। ਨਾਲ ਹੀ ਸੀਨੀਅਰਾਂ ਦੀ ਸੁਰੱਖਿਆ ਇੱਕ ਗੰਭੀਰ ਮਸਲਾ ਬਣ ਚੁੱਕਾ ਹੈ। 1970 ਤੋਂ 2016 ਦੇ ਅਰਸੇ ਦੌਰਾਨ ਕੀਤੀ ਖੋਜ ਦੱਸਦੀ ਹੈ ਕਿ ਕੈਨੇਡਾ ਅਤੇ ਅਮਰੀਕਾ ਸਮੇਤ ਵਿਸ਼ਵ ਵਿੱਚ 90 ਤੋਂ ਵੱਧ ਅਜਿਹੇ ਸੀਰੀਅਲ ਕਿੱਲਰ ਹੋਏ ਹਨ ਜੋ ਸੀਨੀਅਰਾਂ ਦੀ ਸੰਭਾਲ ਲਈ ਬਣਾਈਆਂ ਲੌਂਗ ਟਰਮ ਕੇਅਰ ਫੈਸਲਟੀਆਂ ਵਿੱਚ ਸਿਹਤ ਕਰਮਚਾਰੀਆਂ ਵਜੋਂ ਕੰਮ ਕਰਦੇ ਸਨ। ਰਿਪੋਰਟ ਮੁਤਾਬਕ ਇਸਦਾ ਅਰਥ ਇਹ ਨਹੀਂ ਕਿ ਸਾਰੇ ਸਿਹਤ ਕਰਮਚਾਰੀਆਂ ਦਾ ਵਰਤਾਅ ਮਾੜਾ ਹੁੰਦਾ ਹੈ ਸਗੋਂ ਲੋੜ ਹੈ ਕਿ ਇਸ ਸਮੱਸਿਆ ਬਾਰੇ ਗੰਭੀਰਤਾ ਨਾਲ ਸੋਚਿਆ ਜਾਵੇ ਅਤੇ ਬਣਦੇ ਕਦਮ ਚੁੱਕੇ ਜਾਣ।

ਸੁਆਲ ਹੈ ਕਿ ਜਿਸ ਵੇਲੇ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਹਰ ਕਦਮ ਉੱਤੇ ਸਿਹਤ ਸੇਵਾਵਾਂ ਲਈ ਫੰਡਾਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ, ਕੀ 1500 ਪੰਨਿਆਂ ਦੀ ਰਿਪੋਰਟ ਤੋਂ ਸਬਕ ਸਿੱਖ ਕੇ ਦਰੁਸਤੀ ਵਾਸਤੇ ਪੈਸੇ ਅਲਾਟ ਕਰਨ ਦਾ ਸਰਕਾਰ ਵਿੱਚ ਚਲਕੀਲਾਪਣ ਮੌਜੂਦ ਹੈ?

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਜੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

# ਖੁਸ਼ਹਾਲੀ ਲਈ ਤੁਸੀਂ ਸ਼ਾਰਟਕੱਟ ਨਹੀਂ ਅਪਣਾ ਸਕਦੇ : ਟਰੂਡੋ

...ਪੰਨਾ 1 ਦਾ ਬਾਕੀ

ਟਰੂਡੋ ਨੇ ਆਪਣੀ ਟੀਮ ਨੂੰ ਹੱਲਾਸ਼ੇਰੀ ਦਿੰਦਿਆਂ ਆਖਿਆ ਕਿ ਉਹ ਵੱਧ ਤੋਂ ਵੱਧ ਜਿੰਨੇ ਦਰਵਾਜ਼ੇ ਖੜਕਾ ਸਕਦੇ ਹਨ ਉਹ ਖੜਕਾਉਣ ਤੇ ਵੱਧ ਤੋਂ ਵੱਧ ਲੋਕਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਨ। ਉਨ੍ਹਾਂ ਆਪਣੇ ਉਮੀਦਵਾਰਾਂ ਨੂੰ ਡਰ ਤੇ ਵੰਡੀਆਂ ਪਾਉਣ ਵਾਲੀ ਸਿਆਸਤ ਤੋਂ ਦੂਰ ਰਹਿਣ ਲਈ ਆਖਿਆ। ਉਨ੍ਹਾਂ ਇਹ ਵੀ ਆਖਿਆ ਕਿ ਉਹ ਕਿਸੇ ਉੱਤੇ ਚਿੱਕੜ ਨਾ ਉਛਾਲਣ। ਟਰੂਡੋ ਨੇ ਆਪਣੇ ਨਵੇਂ ਉਮੀਦਵਾਰਾਂ, ਜਿਨ੍ਹਾਂ ਵਿੱਚ ਓਲੰਪੀਅਨ ਐਡਮ ਵੈਨ ਕੋਇਵਰਡਨ, ਵਾਤਾਵਰਣ ਪ੍ਰੇਮੀ ਸਟੀਵਨ ਗਿਲਬਿਓਤ, ਐਮੀ ਬਰੌਨਸਨ ਸ਼ਾਮਲ ਹਨ, ਦੀ ਹੌਸਲਾ ਅਫਜ਼ਾਈ ਵੀ ਕੀਤੀ। ਇਸ ਦੌਰਾਨ ਈਮੇਲ ਰਾਹੀਂ ਭੇਜੇ ਬਿਆਨ ਵਿੱਚ ਸ਼ੀਅਰ ਦੇ ਪ੍ਰੈੱਸ ਸਕੱਤਰ ਨੇ ਆਖਿਆ ਕਿ ਟਰੂਡੋ ਦੇ ਕਦੇ ਨਾ ਮੁੱਕਣ ਵਾਲੇ ਘਾਟੇ ਕਾਰਨ ਹੀ ਉਨ੍ਹਾਂ ਪਬਲਿਕ ਸਰਵਿਸਿਜ਼ ਨੂੰ ਖਤਰਾ ਖੜ੍ਹਾ ਹੋ ਗਿਆ ਹੈ ਜਿਨ੍ਹਾਂ ਉੱਤੇ ਕੈਨੇਡੀਅਨ ਨਿਰਭਰ ਕਰਦੇ ਹਨ। ਉਨ੍ਹਾਂ ਆਖਿਆ ਕਿ ਸ਼ੀਅਰ ਇਸ ਲਈ ਬਜਟ ਨੂੰ ਸੰਤੁਲਿਤ ਕਰਨ ਦੀ ਵਚਨਬੱਧਤਾ ਪ੍ਰਗਟਾਅ ਰਹੇ ਹਨ ਤਾਂ ਕਿ ਕਰਜ਼ੇ ਦੇ ਵਿਆਜ ਨੂੰ ਘਟਾਉਣ ਲਈ ਕਈ ਬਿਲੀਅਨ ਡਾਲਰ ਖਰਚਣ ਦੀ ਥਾਂ ਉਹੀ ਪੈਸਾ ਕੈਨੇਡੀਅਨਾਂ ਉੱਤੇ ਲਾਇਆ ਜਾ ਸਕੇ।

# ਲਿਬਰਲ ਐਮਪੀਪੀ ਨੇ ਦਿੱਤਾ ਅਸਤੀਫਾ

...ਪੰਨਾ 1 ਦਾ ਬਾਕੀ

ਇਸ ਤੋਂ ਬਾਅਦ ਹੁਣ ਲਿਬਰਲਾਂ ਕੋਲ ਵਿਧਾਨਸਭਾ ਵਿੱਚ ਸਿਰਫ ਛੇ ਸੀਟਾਂ ਹੀ ਬਚੀਆਂ ਹਨ। ਹਾਰਵਰਡ ਲਾਅ ਗ੍ਰੈਜੂਏਟ ਨੇ ਇੱਕ ਬਿਆਨ ਵਿੱਚ ਆਖਿਆ ਕਿ ਉਹ ਆਪਣੀ ਸੀਟ ਤੋਂ ਭਾਰੀ ਮਨ ਨਾਲ ਅਸਤੀਫਾ ਦੇ ਰਹੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਹ ਫੈਸਲਾ ਲੈਣਾ ਉਨ੍ਹਾਂ ਲਈ ਕੋਈ ਸੁਖਾਲਾ ਕੰਮ ਨਹੀਂ ਸੀ।

ਅੰਤਰਿਮ ਲਿਬਰਲ ਆਗੂ ਜੌਹਨ ਫਰੇਜ਼ਰ ਨੇ ਆਖਿਆ ਕਿ ਡੈਸ ਰੋਜ਼ੀਅਰ ਲਿਬਰਲ ਕਾਕਸ ਦੀ ਬਹੁਤ ਹੀ ਅਹਿਮ ਮੈਂਬਰ ਰਹੀ। ਉਨ੍ਹਾਂ ਆਖਿਆ ਕਿ ਕੈਥਲੀਨ ਵਿੰਨ ਸਰਕਾਰ ਸਮੇਂ ਉਨ੍ਹਾਂ ਨੈਚੂਰਲ ਰਿਸੋਰਸਿਜ਼ ਐਂਡ ਫੌਰੈਸਟਰੀ ਮੰਤਰਾਲਾ ਬਾਖੂਬੀ ਸਾਂਭਿਆ। ਇਸ ਤੋਂ ਇਲਾਵਾ ਸਿਵਲ ਲਿਬਰਟੀਜ਼ ਤੇ ਹਿਊਮਨ ਰਾਈਟਜ਼ ਦੀ ਹਿਫਾਜ਼ਤ ਲਈ ਵੀ ਰੋਜ਼ੀਅਰ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ। ਉਨ੍ਹਾਂ ਵਾਤਾਵਰਣ ਵਿੱਚ ਸਥਿਰਤਾ ਲਿਆਉਣ ਤੇ ਬਰਾਬਰ ਤਨਖਾਹ ਦੀ ਲੜਾਈ ਵੀ ਲੜੀ।

2018 ਦੀਆਂ ਚੋਣਾਂ ਵਿੱਚ ਸੁੰਗੜ ਕੇ ਸੱਤ ਸੀਟਾਂ ਤੱਕ ਸੀਮਤ ਹੋਈ ਲਿਬਰਲ ਪਾਰਟੀ ਰੋਜ਼ੀਅਰ ਦੇ ਜਾਣ ਨਾਲ ਹੋਰ ਸੁੰਗੜ ਗਈ ਹੈ। ਲਿਬਰਲ ਕਾਕਸ ਐਨਾ ਨਿੱਕਾ ਰਹਿ ਗਿਆ ਹੈ ਕਿ ਪ੍ਰੀਮੀਅਰ ਡੱਗ ਫੋਰਡ ਅਕਸਰ ਇਸ ਨੂੰ ਮਿਨੀਵੈਨ ਪਾਰਟੀ ਦੇ ਨਾਂ ਨਾਲ ਸੱਦਦੇ ਹਨ। ਫੋਰਡ ਕੋਲ ਇਸ ਹਲਕੇ ਤੋਂ ਜ਼ਿਮਨੀ ਚੋਣ ਦੇ ਐਲਾਨ ਲਈ 31 ਜਨਵਰੀ, 2020 ਤੱਕ ਦਾ ਸਮਾਂ ਹੈ। ਪਰ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਲਿਬਰਲ ਇਸ ਸੀਟ ਉੱਤੇ ਮੁੜ ਜਿੱਤ ਹਾਸਲ ਕਰ ਸਕਦੇ ਹਨ ਕਿਉਂਕਿ 1971 ਤੋਂ ਹੀ ਇਹ ਸੀਟ ਲਿਬਰਲਾਂ ਦੇ ਕੋਲ ਹੈ। ਓਨਟਾਰੀਓ ਦੀ ਵਿਧਾਨਸਭਾ ਦੀ ਕਾਰਵਾਈ 28 ਅਕਤੂਬਰ ਤੋਂ ਸ਼ੁਰੂ ਹੋਵੇਗੀ।

# ਨਸ਼ਾ ਤਸਕਰਾਂ ਖ਼ਿਲਾਫ਼ ਪੁਲਿਸ ਹੋਰ ਸਖਤ, 7 ਔਰਤਾਂ ਸਮੇਤ 28 ਜਣੇ ਇੱਕੋ ਦਿਨ ਗ੍ਰਿਫ਼ਤਾਰ

### * ਵੱਡੀ ਮਾਤਰਾ ਵਿੱਚ ਨਸ਼ਾ ਤੇ ਡਰੱਗ ਮਨੀ ਬਰਾਮਦ

ਬਠਿੰਡਾ, 31 ਜੁਲਾਈ, (ਪੋਸਟ ਬਿਊਰੋ)- ਬਠਿੰਡਾ ਪੁਲਿਸ ਵੱਲੋਂ ਬੁੱਧਵਾਰ ਤੜਕੇ ਵੱਡੀ ਪੱਧਰ ਉੱਤੇ ਨਸ਼ਾ ਤਸਕਰਾਂ ਦੇ ਵਿਰੁੱਧ ਛਾਪਾ ਮਾਰੇ ਗਏ। ਇਸ ਮੌਕੇ ਪੁਲਿਸ ਨੇ 21 ਆਦਮੀਆਂਅਤੇ 7 ਔਰਤਾਂ ਨੂੰ ਗ੍ਰਿਫਤਾਰ ਕੀਤਾ ਹੈ। ਛਾਪੇ ਦੌਰਾਨ ਸ਼ਹਿਰ ਦੇ ਸ਼ਕਤੀ ਵਿਹਾਰ ਵਿੱਚ ਪੁਲਿਸ ਨੂੰ ਦੇਖ ਕੇ ਇਕ ਨੌਜਵਾਨ ਨੇ ਫਰਸ਼ ਸਾਫ ਕਰਨ ਵਾਲਾ ਕੈਮੀਕਲ ਨਿਗਲ ਲਿਆ, ਜਿਸ ਨੂੰ ਪੁਲਿਸ ਨੇ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਹੈ।

ਹਰਪ੍ਰੀਤ ਸਿੰਘ ਐੱਸ ਪੀ (ਸਪੈਸ਼ਲ ਬਰਾਂਚ) ਨੇ ਦੱਸਿਆ ਕਿ ਬੁੱਧਵਾਰ ਤੜਕੇ ਦੇ ਸਰਚ ਆਪਰੇਸ਼ਨ ਦੌਰਾਨ ਸ਼ੱਕੀ ਇਲਾਕਿਆਂ ਦੀ ਛਾਣਬੀਣ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਸਬ-ਡਵੀਜ਼ਨ ਸਿਟੀ-1, ਸਿਟੀ-2, ਤਲਵੰਡੀ ਸਾਬੋ ਅਤੇ ਭੁੱਚੋ ਨੇ ਵੱਖ-ਵੱਖ ਥਾਵਾਂ ਉੱਤੇ ਪੁਲਿਸ ਫੋਰਸ ਨਾਲ ਸਰਚ ਕੀਤੀ ਹੈ। ਇਸ ਵਿਚ ਗੁਰਜੀਤ ਸਿੰਘ ਰੋਮਾਣਾ ਡੀ ਐੱਸ ਪੀ ਸਿਟੀ-1 ਦੀ ਅਗਵਾਈ ਵਾਲੀ ਟੀਮ ਨੇਕੈਨਾਲ ਕਾਲੋਨੀ, ਆਵਾ ਬਸਤੀ, ਦੀਪ ਨਗਰ, ਊਧਮ ਸਿੰਘ ਨਗਰ ਤੇ ਕ੍ਰਿਸ਼ਨਾ ਕਾਲੋਨੀਦੀ ਸਰਚ ਕੀਤੀ ਤਾਂ ਇਸ ਦੌਰਾਨ 9 ਆਦਮੀਆਂ ਤੇ 7 ਔਰਤਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਕੋਲੋਂ 2 ਕਿਲੋ 700 ਗ੍ਰਾਮ ਗਾਂਜਾ ਤੇ 74,720 ਦੀ ਡਰੱਗ ਮਨੀ ਬਰਾਮਦ ਹੋਈ ਹੈ। ਕੁਲਵੰਤ ਸਿੰਘ ਡੀ ਐੱਸ ਪੀ ਸਿਟੀ-2 ਦੀ ਟੀਮ ਨੇ ਬੱਲਾ ਰਾਮ ਨਗਰ, ਬਿਹਾਰ ਨਗਰ, ਨੈਸ਼ਨਲ ਕਾਲੋਨੀਦੀ ਸਰਚ ਕੀਤੀ। ਇਸ ਦੌਰਾਨ 9 ਹੋਰਨਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਕੋਲੋਂ6 ਸ਼ੀਸ਼ੀਆਂ ਰੈਸਕਾਫ਼ ਤੇ 28750 ਡਰੱਗ ਮਨੀ ਬਰਾਮਦ ਹੋਈ। ਡੀ ਐੱਸ ਪੀ ਗੋਪਾਲ ਚੰਦ ਸਬ-ਡਵੀਜ਼ਨ ਭੁੱਚੋ ਦੀ ਟੀਮ ਨੇ ਗੋਨਿਆਣਾ ਕਲਾਂ ਤੇ ਜੰਡਾਂਵਾਲਾਦੀ ਸਰਚ ਵਿੱਚ 2 ਜਣਿਆਂ ਨੂੰ ਫੜਿਆ ਅਤੇ 40 ਲਿਟਰ ਲਾਹਣ, 2 ਗ੍ਰਾਮ ਸਮੈਕ ਬਰਾਮਦ ਕੀਤੀ ਹੈ। ਡੀ ਐੱਸ ਪੀ ਹਰਪਾਲ ਸਿੰਘ ਗਰੇਵਾਲ ਸਬ-ਡਵੀਜ਼ਨ ਤਲਵੰਡੀ ਸਾਬੋ ਦੀ ਟੀਮ ਨੇ ਪਿੰਡ ਜਗਾ ਰਾਮ ਤੀਰਥ ਦੀ ਸਰਚ ਵੇਲੇਇੱਕ ਵਿਅਕਤੀ ਗ੍ਰਿਫਤਾਰ ਕੀਤਾ, ਜਿਸ ਕੋਲੋਂ 260 ਨਸ਼ੀਲੀਆਂ ਗੋਲੀਆਂ ਟਰਾਮਾਡੋਲ ਮਿਲੀਆਂ। ਇਸ ਦੌਰਾਨ ਆਮ ਲੋਕਾਂ ਨੇ ਪੁਲਿਸ ਟੀਮਾਂ ਦਾ ਪੂਰਾ ਸਹਿਯੋਗ ਦਿੱਤਾ ਤੇ ਕਾਰਵਾਈ ਉੱਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ।

ਅੱਜ ਸਵੇਰੇ ਜਦੋਂ ਪੁਲਿਸ ਨੇ ਸ਼ਹਿਰ ਦੇ ਸ਼ਕਤੀ ਵਿਹਾਰ ਮੁੱਹਲੇ ਦੇ ਇਕ ਘਰ ਛਾਪਾ ਮਾਰਿਆ ਤਾਂ ਘਰ ਵਿਚ ਇੱਕ ਨੌਜਵਾਨ ਨੇ ਫਰਸ਼ ਸਾਫ ਕਰਨ ਵਾਲਾ ਕੈਮੀਕਲ ਪੀ ਲਿਆ, ਜਿਸ ਨਾਲ ਪੁਲਿਸ ਘਬਰਾ ਗਈ। ਨੌਜਵਾਨ ਦੀ ਹਾਲਤ ਦੇਖ ਕੇ ਉਸ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਉਸ ਦੀ ਪਛਾਣ ਹਿੰਮਾਂਸ਼ੂ ਵਜੋਂ ਹੋਈ ਹੈ ਅਤੇ ਪੁਲਿਸ ਨੇ ਉਸ ਕੋਲੋ ਨਸ਼ੀਲੀਆਂ ਗੋਲੀਆਂ ਮਿਲਣ ਦਾ ਦਾਅਵਾ ਕਰਨ ਦੇ ਨਾਲ ਉਸ ਦੇਖ਼ਿਲਾਫ਼ ਖੁਦਕੁਸ਼ੀ ਕਰਨ ਦੇ ਦੋਸ਼ਾਂ ਅਤੇ ਨਸ਼ੀਲੇ ਪਦਾਰਥਾਂ ਦੇ ਐਕਟ ਦਾ ਮਾਮਲਾ ਦਰਜ ਕਰ ਲਿਆ ਹੈ।

## ਹੈੱਡਫੋਨ ਲਾ ਕੇ ਲਾਈਨ ਪਾਰ ਕਰਦੇ ਵਿਦਿਆਰਥੀ ਦੀ ਇੰਜਣ ਦੀ ਲਪੇਟ ਵਿੱਚ ਆ ਕੇ ਮੌਤ

ਮੋਗਾ, 31 ਜੁਲਾਈ (ਪੋਸਟ ਬਿਊਰੋ)- ਫਿਰੋਜ਼ਪੁਰ ਤੋਂ ਆ ਕੇ ਮੋਗਾ ਵਿੱਚ ਆਈਲੈਟਸ ਕਰ ਰਹੇ ਨੌਜਵਾਨ ਦੀ ਕੱਲ੍ਹ ਰੇਲ ਇੰਜਣ ਦੇ ਹੇਠਾਂ ਆਉਣ ਕਾਰਨ ਮੌਤ ਹੋ ਗਈ। ਉਹ ਟਰੇਨ ਤੋਂ ਉਤਰ ਕੇ ਰੇਲਵੇ ਬ੍ਰਿਜ ਕਰਾਸ ਕਰ ਰਿਹਾ ਸੀ। ਉਸ ਦੇ ਕੰਨਾਂ ਵਿੱਚ ਹੈੱਡਫੋਨ ਲੱਗਾ ਹੋਣ ਕਾਰਨ ਉਹ ਲੋਕਾਂ ਦੀ ਆਵਾਜ਼, ਇੰਜਣ ਦੇ ਹਾਰਨ ਤੇ ਡਰਾਈਵਰ ਦੀਆਂ ਆਵਾਜ਼ਾਂ ਸੁਣ ਨਹੀਂ ਸਕਿਆ ਅਤੇ ਇੰਜਣ ਦੀ ਲਪੇਟ ਵਿੱਚ ਆਉਣ ਕਾਰਨ ਉਸ ਦੀ ਮੌਤ ਹੋ ਗਈ।

ਇਸ ਸੰਬੰਧ ਵਿੱਚ ਫਿਰੋਜ਼ਪੁਰ ਵਿੱਚ ਤਰਖਾਣ ਦਾ ਕੰਮ ਕਰਦੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਬੇਟਾ ਮਨਿੰਦਰ ਸਿੰਘ (18) ਵਿਦੇਸ਼ ਜਾਣ ਦਾ ਇੱਛੁਕ ਸੀ। ਉਹ ਰੋਜ਼ ਫਿਰੋਜ਼ਪੁਰ ਤੋਂ ਚੰਡੀਗੜ੍ਹ ਜਾਣ ਵਾਲੀ ਟਰੇਨ ਰਾਹੀਂ ਮੋਗਾ, ਆ ਕੇ ਆਈਲੈਟਸ ਕਰ ਰਿਹਾ ਸੀ। ਕੱਲ੍ਹ ਵੀ ਉਹ ਇਸੇ ਟਰੇਨ ਰਾਹੀਂ ਸਵੇਰੇ ਮੋਗਾ ਆਇਆ ਸੀ। ਲੋਕਾਂ ਦਾ ਕਹਿਣਾ ਹੈ ਕਿ ਉਹ ਟਰੇਨ ਤੋਂ ਉਤਰ ਕੇ ਰੇਲਵੇ ਬ੍ਰਿਜ ਤੋਂ ਕਰਾਸ ਕਰ ਕੇ ਸ਼ਹਿਰ ਵੱਲ ਜਾ ਰਿਹਾ ਸੀ। ਉਸੇ ਲਾਈਨ 'ਤੇ ਇੱਕ ਇੰਜਣ ਆ ਰਿਹਾ ਸੀ। ਲੋਕਾਂ ਨੇ ਆਵਾਜ਼ ਦੇ ਕੇ ਅਤੇ ਇੰਜਣ ਡਰਾਈਵਰ ਨੇ ਹਾਰਨ ਵਜਾ ਕੇ ਉਸ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਦੇ ਕੰਨਾਂ ਵਿੱਚ ਹੈੱਡਫੋਨ ਲੱਗਾ ਹੋਣ ਕਾਰਨ ਉਸ ਨੂੰ ਸੁਣਾਈ ਨਹੀਂ ਦਿੱਤੀ ਅਤੇ ਉਹ ਇੰਜਣ ਦੀ ਲਪੇਟ ਵਿੱਚ ਆ ਗਿਆ। ਮਨਿੰਦਰ ਸਿੰਘ ਦੇ ਪਿਤਾ ਨੇ ਕਿਹਾ ਕਿ ਸਾਡੇ ਬੇਟੇ ਦੀ ਜਾਨ ਕੰਨਾਂ ਵਿੱਚ ਹੈੱਡਫੋਨ ਲੱਗਣ ਨਾਲ ਗਈ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3, Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਡੇਰੇ ਨੂੰ ਬਚਾਉਣ ਲਈ ਸੁਖਬੀਰ ਸਿੰਘ ਬਾਦਲ ਤੇ ਸੀ ਬੀ ਆਈ ਦੇ ਦਾਅ ਸਾਂਝੇ: ਕੰਵਰਪਾਲ

ਜਲੰਧਰ, 31 ਜੁਲਾਈ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸੀ ਬੀ ਆਈ ਕਲੋਜ਼ਰ ਰਿਪੋਰਟ 'ਤੇ ਟਿੱਪਣੀਆਂ ਕਰਕੇ ਡੇਰਾ ਸਿਰਸਾ ਨੂੰ ਬਚਾਉਣ ਵਾਸਤੇ ਲਏ ਸਟੈਂਡ ਦੀ ਦਲ ਖਾਲਸਾ ਨੇ ਆਲੋਚਨਾ ਕੀਤੀ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਸੀ ਬੀ ਆਈ ਵੱਲੋਂ ਸਿਰਸਾ ਡੇਰੇ ਨੂੰ ਬਚਾਉਣ ਦੇ ਦਾਅ ਵੀ ਸਾਂਝੇ ਹਨ ਅਤੇ ਨੀਤੀ ਵੀ ਸਾਂਝੀ ਜਾਪਦੀ ਹੈ।

ਕੰਵਰਪਾਲ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਇਹ ਗੱਲ ਭੁੱਲ ਗਏ ਹਨ ਕਿ ਜਿਹੜੀ ਵਿਸ਼ੇਸ਼ ਜਾਂਚ ਟੀਮ ਦੇ ਬਾਰੇ ਸੀ ਬੀ ਆਈ ਨੇ ਆਪਣੀ ਕਲੋਜ਼ਰ ਰਿਪੋਰਟ ਵਿੱਚ ਟਿੱਪਣੀਆਂ ਕਰ ਦਿੱਤੀਆਂ ਹਨ, ਉਹ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਬਣਾਈ ਸੀ। ਦਲ ਖਾਲਸਾ ਨੇ ਮੰਗ ਕੀਤੀ ਕਿ ਬਰਗਾੜੀ ਬੇਅਦਬੀ ਕਾਂਡ ਦੀ ਜਾਂਚ ਵੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੂੰ ਹੀ ਸੌਂਪ ਦਿੱਤੀ ਜਾਵੇ, ਜਿਹੜੀ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰਨ ਲਈ ਬਣਾਈ ਗਈ ਹੈ। ਕੰਵਰਪਾਲ ਸਿੰਘ ਨੇ ਕਿਹਾ ਕਿ ਬੇਅਦਬੀ ਅਤੇ ਪੁਲਸ ਫਾਇਰਿੰਗ ਦੀਆਂ ਘਟਨਾਵਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ, ਇਸ ਲਈ ਦੋਵਾਂ ਦੀ ਜਾਂਚ ਇਕੋ ਜਾਂਚ ਟੀਮ ਹਵਾਲੇ ਕੀਤੀ ਜਾਵੇ। ਸੁਖਬੀਰ ਸਿੰਘ ਬਾਦਲ ਦੇ ਇਸ ਬਿਆਨ, ਕਿ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਨੇ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਨੂੰ ਨਕਾਰ ਦਿੱਤਾ ਹੈ, ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਨੇ ਇਸ ਤੱਥ ਨੂੰ ਅਣਗੌਲਿਆ ਕਰ ਦਿੱਤਾ ਹੈ ਕਿ ਅਕਾਲੀ ਸਰਕਾਰ ਵੱਲੋਂ ਬਣਾਈ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਡੇਰਾ ਸਿਰਸਾ ਨੂੰ ਬੇਅਦਬੀ ਦਾ ਦੋਸ਼ੀ ਗਰਦਾਨਿਆ ਸੀ। ਦਲ ਖਾਲਸਾ ਦੇ ਆਗੂ ਨੇ ਕਿਹਾ ਕਿ ਸੀ ਬੀ ਆਈ ਨੇ ਕਲੋਜ਼ਰ ਰਿਪੋਰਟ 'ਚ ਡੇਰਾ ਸਿਰਸਾ ਨੂੰ ਦੋਸ਼ਮੁਕਤ ਦੱਸ ਕੇ ਸੁਖਬੀਰ ਸਿੰਘ ਬਾਦਲ ਦੀ ਅਸਿੱਧੇ ਤੌਰ 'ਤੇ ਮਦਦ ਕੀਤੀ ਹੈ ਅਤੇ ਬਦਲੇ ਵਿੱਚ ਸੁਖਬੀਰ ਸਿੰਘ ਨੇ ਸੀ ਬੀ ਆਈ ਦੀ ਪਿੱਠ ਥਪਥਪਾਈ ਹੈ।

ਇਸ ਮੌਕੇ ਕੰਵਰਪਾਲ ਸਿੰਘ ਨੇ ਕੇਸ ਉਲਝਾਉਣ ਦੇ ਦੋਸ਼ ਹੇਠ ਮੌਜੂਦਾ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ ਅਤੇ ਪਿਛਲੀ ਅਤੇ ਮੌਜੂਦਾ ਸਰਕਾਰ ਉਤੇ ਇਨਸਾਫ ਦਾ ਮਜ਼ਾਕ ਬਣਾਉਣ ਦਾ ਦੋਸ਼ ਲਾਇਆ ਹੈ।



## ਸ਼ਾਨ ਵੀਮੈਨ ਸੀਨੀਅਰਜ਼ ਕਲੱਬ ਵਲੋਂ ਨਿਆਗਰਾ ਫਾਲਜ਼ ਦਾ ਰੌਚਕ ਟ੍ਰਿਪ

ਸ਼ਾਨ ਵੀਮੈਨ ਸੀਨੀਅਰਜ਼ ਕਲੱਬ ਨੇ ਬੀਤੀ 28 ਜੁਲਾਈ ਨੂੰ ਕਲੱਬ ਪ੍ਰਧਾਨ ਸੁਰਿੰਦਰ ਕੌਰ ਦੀ ਅਗਵਾਈ ਹੇਠ ਨਿਆਗਰਾ ਫਾਲਜ਼ ਦਾ ਟ੍ਰਿਪ ਲਾਇਆ। ਇਸ ਟ੍ਰਿਪ ਵਿਚ ਕੁਲ 50 ਬੀਬੀਆਂ ਨੇ ਹਿਸਾ ਲਿਆ। ਇਸ ਦੌਰਾਨ ਸਾਰੀਆਂ ਮੈਬਰਾਂ ਨੇ ਟ੍ਰਿਪ ਦਾ ਖੂਬ ਆਨੰਦ ਮਾਣਿਆ। ਜ਼ਿਕਰਯੋਗ ਹੈ ਕਿ ਇਹ ਕਲੱਬ ਦਾ ਪਹਿਲਾ ਟ੍ਰਿਪ ਸੀ।

Aikam MEDIA GROUP
Radio Punjab Monday to Friday 2:00PM to 3:00PM on 600 AM
Aikam TV Every Saturday on Vision TV Canada Wide
Aikam Arts Academy Learn Indian Classical Music Instruments Folk Dances
Amarjit S Rai
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell: 416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਮੰਤਰੀ ਮੈਕਕਾਨਾ ਨੇ ਸੋਨੀਆ ਸਿੱਧੂ ਵੱਲੋਂ ਬਰੈਂਪਟਨ ਬਿਜਲੀ ਬਸ ਸਰਵਿਸ ਨੈੱਟਵਰਕ ਦਾ ਐਲਾਨ

"ਜੇਕਰ ਅਸੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਸੰਭਾਲ ਕਰਨੀ ਹੈ ਤਾਂ ਸਾਨੂੰ ਆਪਣਾ ਭਵਿੱਖ ਇਸ ਤਰ੍ਹਾਂ ਦਾ ਸਿਰਜਣਾ ਹੀ ਪਵੇਗਾ।" - ਬਰੈਂਪਟਨ ਬਿਜਲੀ ਬੱਸ ਸਰਵਿਸ ਨੈੱਟਵਰਕ ਦੇ ਐਲਾਨ ਸਮੇਂ ਸੋਨੀਆ ਸਿੱਧੂ ਦਾ ਬਿਆਨ

ਬਰੈਂਪਟਨ: ਹੁਣ ਜਦ ਕੈਨੇਡਾ ਵਾਤਾਵਰਣ ਤਬਦੀਲੀ, ਸਿਹਤਮੰਦ ਕਮਿਊਨਿਟੀਆਂ ਦੀ ਸਹਾਇਤਾ ਕਰਨ ਅਤੇ ਸਾਫ਼-ਸੁਥਰੇ ਅਰਥਚਾਰੇ ਦੇ ਵਿਕਾਸ ਲਈ ਲੜਾਈ ਲੜ ਰਿਹਾ ਹੈ ਤਾਂ ਆਵਾਜਾਈ ਵਿਚ ਪ੍ਰਦੂਸ਼ਣ ਨੂੰ ਘਟਾਉਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ। ਕੈਨੇਡਾ ਸਰਕਾਰ ਅਜਿਹੇ ਖੋਜ ਪ੍ਰਜੈਕਟਾਂ ਵਿਚ ਪੂੰਜੀ ਨਿਵੇਸ਼ ਕਰ ਰਹੀ ਹੈ ਜਿਹੜੇ ਸਾਫ਼-ਸੁਥਰੀ ਆਵਾਜਾਈ ਨੂੰ ਉਤਸ਼ਾਹਿਤ ਕਰਦੇ ਹਨ। ਇਨ੍ਹਾਂ ਵਿਚ ਬਿਜਲੀ ਨਾਲ ਚੱਲਣ ਵਾਲੀਆਂ ਮੋਟਰ-ਗੱਡੀਆਂ, ਹਾਈਬਰਿੱਡ-ਗੱਡੀਆਂ ਅਤੇ ਸਮਾਨਅੰਤਰ ਈਧਨ ਨਾਲ ਚੱਲਣ ਵਾਲੀਆਂ ਗੱਡੀਆਂ ਸ਼ਾਮਲ ਹਨ।

ਐਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ ਵਿਭਾਗ ਦੀ ਮੰਤਰੀ ਮਾਣਯੋਗ ਕੈਥਰੀਨ ਮੈਕਕਾਨਾ ਨੇ ਬਰੈਂਪਟਨ ਸਾਊਥ ਦੀ ਐਮ.ਪੀ ਸੋਨੀਆ ਸਿੱਧੂ ਅਤੇ ਬਰੈਂਪਟਨ ਦੇ ਹੋਰ ਪਾਰਲੀਮੈਂਟ ਮੈਂਬਰਾਂ ਨਾਲ ਲੋਅ ਕਾਰਬਨ ਇਕਾਨੌਮੀ ਫ਼ੰਡ ਵਿੱਚੋਂ ਬਰੈਂਪਟਨ ਵਿਚ ਬੈਟਰੀ ਨਾਲ ਚੱਲਣ ਵਾਲੀਆਂ ਬੱਸਾਂ ਅਤੇ ਹਾਈ ਪਾਵਰ ਔਨ-ਰੂਟ ਚਾਰਜਰਾਂ ਲਈ ੨੯ ਮਿਲੀਅਨ ਡਾਲਰ ਪੂੰਜੀ ਨਿਵੇਸ਼ ਕਰਨ ਦਾ ਐਲਾਨ ਕੀਤਾ। ਇਸ ਪ੍ਰਾਜੈਕਟ ਹੇਠ ਬਰੈਂਪਟਨ ਵਿਚ ਡੀਜ਼ਲ ਨਾਲ ਚੱਲਣ ਵਾਲੀਆਂ ਬੱਸਾਂ ਦੇ ਫ਼ਲੀਟ ਨੂੰ ਹੌਲੀ-ਹੌਲੀ ਬੈਟਰੀ ਨਾਲ ਚੱਲਣ ਵਾਲੀਆਂ ਬੱਸਾਂ ਨਾਲ ਬਦਲਿਆ ਜਾਏਗਾ ਜਿਸ ਨਾਲ ਗਰੀਨਹਾਊਸ ਗੈਸਾਂ ਦੇ ਰਿਸਾਅ ਅਤੇ ਹਵਾਈ ਪ੍ਰਦੂਸ਼ਣ ਵਿਚ ਕਮੀ ਹੋਵੇਗੀ।

ਇਸ ਮੌਕੇ ਬਰੈਂਪਟਨ ਸਾਊਥ ਦੀ ਐਮ.ਪੀ. ਸੋਨੀਆ ਸਿੱਧੂ ਦਾ ਕਹਿਣਾ ਸੀ, "ਅੱਜ ਇਹ ਵੱਡੀ ਤਬਦੀਲੀ ਵੇਖ ਕੇ ਮਨ ਖੁਸ਼ ਹੋ ਰਿਹਾ ਹੈ ਕਿ ਬਰੈਂਪਟਨ ਹੁਣ ਕਿਵੇਂ ਵਿਚਰ ਰਿਹਾ ਹੈ। ਇਹ ਪ੍ਰਾਜੈਕਟ ਅਤੇ ਇਸ ਵਿਚ ਕੀਤੀ ਜਾ ਰਹੀ ਇਹ ਫ਼ੰਡਿੰਗ ਬਰੈਂਪਟਨ ਸ਼ਹਿਰ ਨੂੰ ਕੌਮੀ ਪੱਧਰ 'ਤੇ ਗਰੀਨ ਇਨਫ਼ਰਾਸਟਰੱਕਚਰ ਦਾ ਲੀਡਰ ਬਣਾ ਦੇਵੇਗੀ। ਜੇਕਰ ਅਸੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਸੰਭਾਲ ਕਰਨੀ ਹੈ ਤਾਂ ਸਾਨੂੰ ਆਪਣਾ ਭਵਿੱਖ ਇਸ ਤਰ੍ਹਾਂ ਦਾ ਸਿਰਜਣਾ ਹੀ ਪਵੇਗਾ।"

ਇਸ ਮੌਕੇ ਬੋਲਦਿਆਂ ਮਾਣਯੋਗ ਮੰਤਰੀ ਮੈਕਕਾਨਾ ਨੇ ਕਿਹਾ, "ਸਾਡੀਆਂ ਕਮਿਊਨਿਟੀਆਂ, ਸਾਡੇ ਅਰਥਚਾਰੇ ਅਤੇ ਸਾਡੇ ਵਾਤਾਵਰਣ ਲਈ ਸਾਫ਼-ਸੁਥਰੀਆਂ ਗੱਡੀਆਂ ਸ਼ੁਰੂ ਕਰਨੀਆਂ ਬਹੁਤ ਚੰਗੀ ਗੱਲ ਹੈ। ਸਾਡੀ ਸਰਕਾਰ ਓਨਟਾਰੀਓ ਸੂਬੇ ਦੇ ਨੈੱਟਵਰਕ ਲਈ ਕੀਤਾ ਜਾ ਰਿਹਾ ਪੂੰਜੀ-ਨਿਵੇਸ਼ ਕੈਨੇਡੀਅਨ ਕੰਪਨੀਆਂ ਅਤੇ ਕੇਨੇਡਾ ਦੀ ਸੁਥਰੀ ਟੈੱਕਨਾਲੋਜੀ ਲਈ ਸਹਾਈ ਸਾਬਤ ਹੋਵੇਗਾ। ਇਸ ਨਾਲ ਅਸੀਂ ਆਪਣੇ ਬੱਚਿਆਂ ਅਤੇ ਅੱਗੋਂ ਉਨ੍ਹਾਂ ਦੇ ਬੱਚਿਆਂ ਲਈ ਸਾਫ਼-ਸੁਥਰਾ ਵਾਤਾਵਰਣ ਕਾਇਮ ਰੱਖ ਸਕਾਂਗੇ।"

ਦੱਸ ਦੀਏ ਕਿ ਵਾਤਾਵਰਣ ਮੰਤਰੀ ਮੈਕਕੈਨਾ ਨੇ ਕੈਨੇਡਾ ਦੇ ਕੁਦਰਤੀ ਵਸੀਲਿਆਂ ਦੇ ਮੰਤਰੀ ਮਾਣਯੋਗ ਅਮਰਜੀਤ ਸੋਹੀ ਦੀ ਤਰਫ਼ੋਂ ਕੈਨੇਡਾ ਦੇ ਗਰੀਨ ਇਨਫ਼ਰਾਸਟਰੱਕਚਰ ਪ੍ਰੋਗਰਾਮ ਅਧੀਨ ੩੫ ਮਿਲੀਅਨ ਡਾਲਰ ਰਾਸ਼ੀ ਨਿਵੇਸ਼ ਕਰਨ ਦਾ ਐਲਾਨ ਕੀਤਾ ਜਿਸ ਨਾਲ ਬਰੈਂਪਟਨ ਸ਼ਹਿਰ ਨੂੰ ਚਾਰ ੪੫੦ ਕਿਲੋਵਾਟ ਦੇ ਬੱਸ ਚਾਰਜਿੰਗ ਸਟੇਸ਼ਨ ਕਾਇਮ ਕਰਨ ਅਤੇ ਬੈਟਰੀ ਨਾਲ ਚੱਲਣ ਵਾਲੀਆਂ ਅੱਠ ਬਿਜਲਈ ਬੱਸਾਂ ਖ਼੍ਰੀਦਣ ਵਿਚ ਮਦਦ ਮਿਲੇਗੀ। ਇਸ ਤਰ੍ਹਾਂ ਪੈਨ-ਕੈਨੇਡੀਅਨ ਇਲੈੱਕਟ੍ਰਿਕ ਨੈੱਟਵਰਕ ਦੇ ਬਰੈਂਪਟਨ ਵਿਚ ਪੈਂਦੇ ਭਾਗ ਲਈ ੧੧ ਮਿਲੀਅਨ ਡਾਲਰ ਤੋਂ ਵਧੇਰੇ ਰਾਸ਼ੀ ਨਿਵੇਸ਼ ਕੀਤੀ ਜਾ ਰਹੀ ਹੈ। ਇਹ ਪੂੰਜੀ ਨਿਵੇਸ਼ ਵਾਤਾਵਰਣ ਪ੍ਰਦੂਸ਼ਣ ਨੂੰ ਘਟਾਉਣ ਤੇ ਉਰਜਾ ਘੱਟ ਖ਼ਰਚ ਕਰਨ ਵਿਚ ਸਹਾਈ ਹੋਵੇਗੀ ਅਤੇ ਆਵਾਜਾਈ ਦੇ ਖ਼ੇਤਰ ਵਿਚ ਜ਼ੀਰੋ-ਇਮਿੱਸ਼ਨ ਵੱਲ ਵੱਧਣ ਲਈ ਰਾਹ ਪੱਧਰਾ ਕਰੇਗਾ।

ਕੈਨੇਡਾ ਦੀਆਂ ਬੱਸਾਂ ਬਨਾਉਣ ਵਾਲੀਆਂ ਦੋ ਵੱਡੀਆਂ ਕੰਪਨੀਆਂ 'ਨਿਊ ਫ਼ਲਾਇਰ ਇੰਡਸਟਰੀਜ਼' ਤੇ 'ਨੋਵਾ ਬੱਸ' ਇਹ ਬੈਟਰੀ ਇਲੈੱਕਟ੍ਰਿਕ ਬੱਸਾਂ ਤਿਆਰ ਕਰਨਗੀਆਂ, ਅਤੇ 'ਅਸੀਆ ਬਰਾਊਨ ਬੋਵੇਰੀ' (ਏ.ਬੀ.ਬੀ.) ਤੇ 'ਸਾਈਮਨਜ਼' ਨਾਮਕ ਕੰਪਨੀਆਂ ਉਨ੍ਹਾਂ ਦੇ ਲਈ ਔਨ-ਰੂਟ ਚਾਰਜਰ ਮੁਹੱਈਆ ਕਰਨਗੀਆਂ ਜੋ ਓਵਰਹੈੱਡ ਇਲੈੱਕਟ੍ਰਿਕ ਬੱਸ ਚਾਰਜਿੰਗ ਸਿਸਟਮ ਦੀ ਕਾਰਗੁਜ਼ਾਰੀ ਨੂੰ ਵਧਾਉਣਗੇ ਅਤੇ ਇਨ੍ਹਾਂ ਦੇ ਭਵਿੱਖਮਈ ਵਿਸਥਾਰ ਵਿਚ ਵੀ ਸਹਾਈ ਹੋਣਗੇ। ਇਸ ਦੇ ਨਾਲ ਹੀ ਇੱਥੇ ਨਵੀਆਂ ਨੌਕਰੀਆਂ ਵੀ ਪੈਦਾ ਹੋਣਗੀਆਂ।

ਕੈਨੇਡਾ ਸਰਕਾਰ ਨੇ ਇਲੈੱਕਟ੍ਰਿਕ ਚਾਰਜਰਾਂ, ਕੁਦਰਤੀ ਗੈਸ, ਹਾਈਡਰੋਜਨ ਰੀਫ਼ਿਊਲਿੰਗ ਸਟੇਸ਼ਨਾਂ, ਨਵੀਨਤਮ ਖੋਜ ਵਾਲੀਆਂ ਤਕਨਾਲੌਜੀਆਂ ਦੀ ਪ੍ਰਦਰਸ਼ਨੀ ਕਰਨ ਅਤੇ ਲੋਅ ਕਾਰਬਨ ਗੱਡੀਆਂ ਤੇ ਰੀਫ਼ਿਊਲਿੰਗ ਇਨਫ਼ਰਾਸਟਰੱਕਚਰ ਲਈ ਕੋਡ ਅਤੇ ਸਟੈਂਡਰਡ ਦੇ ਵਿਕਾਸ ਲਈ ਹੁਣ ਤੀਕ ੧੯੨੫ ਮਿਲੀਅਨ ਡਾਲਰ ਨਿਵੇਸ਼ ਕੀਤੇ ਹਨ। ਕੈਨੇਡਾ ਦੇ ਨੈਸ਼ਨਲ ਐਨੱਰਜੀ ਡਾਇਲਾਗ 'ਜੈਨਰੇਸ਼ਨ ਅਨੱਰਜੀ' ਰਾਹੀਂ ਕੈਨੇਡਾ-ਵਾਸੀਆਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਘੱਟ ਕਾਰਬਨ ਦੇ ਭਵਿੱਖ ਲਈ ਫ਼ੈਡਰਲ, ਪ੍ਰੋਵਿੰਸ਼ੀਅਲ ਅਤੇ ਟੈਰੀਟੋਰੀਅਲ ਸਰਕਾਰਾਂ ਵੱਲੋਂ ਸਾਂਝੇ ਯਤਨ ਕਰਨੇ ਜ਼ਰੂਰੀ ਹਨ।

# ਫ਼ੂਡ ਗਾਈਡ 'ਤੇ ਵਿਸ਼ਵਾਸ ਕਰੋ, ... ਐਂਡਰਿਊ ਸ਼ੀਅਰ 'ਤੇ ਨਹੀਂ!



-ਸੋਨੀਆ ਸਿੱਧੂ-
ਮੈਂਬਰ ਪਾਰਲੀਮੈਂਟ,
ਬਰੈਂਪਟਨ ਸਾਊਥ

ਸਿਆਸਤ ਵਿਚ ਆਉਣ ਤੋਂ ਪਹਿਲਾਂ 18 ਸਾਲ ਹੈੱਲਥਕੇਅਰ ਪ੍ਰੋਫ਼ੈਸ਼ਨਲ ਵਜੋਂ ਕੰਮ ਕਰਦਿਆਂ ਮੈਂ ਬਹੁਤ ਸਾਰੇ ਉਨ੍ਹਾਂ ਮਰੀਜ਼ਾਂ ਨਾਲ ਬੜੀ ਨੇੜਿਉਂ ਵਿਚਰੀ ਹਾਂ ਜਿਹੜੇ ਡਾਇਬੇਟੀਜ਼ ਤੇ ਦਿਲ ਦੇ ਰੋਗਾਂ ਵਰਗੀਆਂ ਭਿਆਨਕ ਬੀਮਾਰੀਆਂ ਨਾਲ ਜੂਝ ਰਹੇ ਸਨ ਅਤੇ ਜਿਨ੍ਹਾਂ ਦਾ ਪੌਸ਼ਟਿਕ ਖ਼ੁਰਾਕ ਨਾਲ ਬਚਾਅ ਕੀਤਾ ਜਾ ਸਕਦਾ ਸੀ। ਬਰੈਂਪਟਨ ਸਾਊਥ ਤੋਂ ਮੈਂਬਰ ਪਾਰਲੀਮੈਂਟ ਚੁਣੇ ਜਾਣ ਤੋਂ ਬਾਅਦ ਮੈਨੂੰ ਆਲ ਪਾਰਟੀ ਡਾਇਬੇਟੀਜ਼ ਕੌਕਸ ਦੀ ਚੇਅਰ ਅਤੇ ਸਟੈਂਡਿੰਗ ਕਮੇਟੀ ਆਨ ਹੈੱਲਥ ਦੀ ਮੈਂਬਰ ਵਜੋਂ ਕੈਨੇਡਾ-ਵਾਸੀਆਂ ਦੀ ਸਿਹਤ ਸੁਧਾਰ ਲਈ ਆਪਣਾ ਯੋਗਦਾਨ ਪਾਉਣ ਦਾ ਮਾਣ ਹਾਸਲ ਹੋਇਆ ਜਿੱਥੇ ਅਸੀਂ ਮਿਲ ਕੇ ਕੈਨੇਡਾ ਦੀ ਫ਼ੂਡ ਗਾਈਡ ਨੂੰ ਬੜਾ ਨੇੜਿਉਂ ਵਾਚਿਆ।

ਏਸੇ ਲਈ ਮੈਨੂੰ ਪਿਛਲੇ ਹਫ਼ਤੇ ਕਨਜ਼ਰਵੇਟਿਵ ਪਾਰਟੀ ਦੇ ਆਗੂ ਐਂਡਰਿਊ ਸ਼ੀਅਰ ਵੱਲੋਂ ਇਸ ਗਾਈਡ ਉੱਪਰ ਕੀਤੀਆਂ ਗਈਆਂ ਟਿੱਪਣੀਆਂ ਸੁਣ ਕੇ ਬੜੀ ਨਿਰਾਸ਼ਾ ਹੋਈ ਹੈ। ਸ਼ੀਅਰ ਨੇ ਇਸ ਗਾਈਡ ਵਿਚ ਸਾਡੀ ਸਰਕਾਰ ਵੱਲੋਂ ਕੀਤੀਆਂ ਗਈਆਂ ਵਿਗਿਆਨਕ ਖੋਜਾਂ ਅਤੇ ਤੱਥਾਂ ਦੇ ਆਧਾਰਿਤ ਕੀਤੀਆਂ ਗਈਆਂ ਤਬਦੀਲੀਆਂ ਨੂੰ "ਉਨ੍ਹਾਂ ਲੋਕਾਂ ਦਾ ਵਿਚਾਰਧਾਰਿਕ ਖ਼ਿਆਲੀ-ਪੁਲਾਓ ਕਰਾਰ ਦਿੱਤਾ ਹੈ ਜਿਹੜੇ ਕਿਸੇ ਵਿਸ਼ੇਸ਼ ਪ੍ਰਕਾਰ ਦੇ ਪੌਸ਼ਟਿਕ ਖਾਧ-ਪਦਾਰਥਾਂ ਦੇ ਵਿਰੋਧੀ ਹਨ।" ਮੈਂ ਸ਼੍ਰੀਮਾਨ ਸ਼ੀਅਰ ਹੋਰਾਂ ਨੂੰ ਯਕੀਨ ਦਿਵਾਉਣਾ ਚਾਹੁੰਦੀ ਹਾਂ ਕਿ ਇਹ ਅਜਿਹਾ ਬਿਲਕੁਲ ਨਹੀਂ ਹੈ।

ਇਸ ਤਰ੍ਹਾਂ ਫ਼ੂਡ ਗਾਈਡ 'ਤੇ ਸਿਆਸਤ ਖੇਡ ਕੇ ਅਤੇ ਉਨ੍ਹਾਂ ਲੋਕਾਂ ਦੀ ਜਿਹੜੇ ਕਿ ਵਿਗਿਆਨਕ ਆਧਾਰ 'ਤੇ ਹੋਈਆਂ ਸਿਫ਼ਾਰਿਸ਼ਾਂ ਤੋਂ ਡਰਦੇ ਹਨ, ਦੀ ਹਿਮਾਇਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਕੇ ਉਹ ਕੈਨੇਡਾ-ਵਾਸੀਆਂ ਨੂੰ ਧੋਖਾ ਨਹੀਂ ਦੇ ਸਕਦੇ।

ਹੈੱਲਥ ਕਮੇਟੀ ਵਿਚ ਕੰਮ ਕਰਦਿਆਂ ਹੋਇਆਂ ਮੈਂ ਹੈੱਲਥ ਕੈਨੇਡਾ, ਕੈਨੇਡੀਅਨ ਪੈਡੀਐਟ੍ਰਿਕ ਸੋਸਾਇਟੀ, ਡਾਇਟੀਸ਼ਨਜ਼ ਆਫ਼ ਕੈਨੇਡਾ, ਹਾਰਟ ਐਂਡ ਸਟਰੋਕ ਫ਼ਾਊਂਡੇਸ਼ਨ ਆਫ਼ ਕੈਨੇਡਾ, ਡਾਇਬੇਟੀਜ਼ ਕੈਨੇਡਾ ਅਤੇ ਯੂਨੀਵਰਸਿਟੀ ਪੱਧਰ ਦੇ ਮਾਹਿਰਾਂ ਨਾਲ ਵਿਚਾਰ-ਵਟਾਂਦਰੇ ਦੌਰਾਨ ਉਨ੍ਹਾਂ ਦੇ ਵਿਚਾਰ ਸੁਣੇ ਹਨ ਅਤੇ ਮੈਂ ਇਹ ਪੂਰੇ ਭਰੋਸੇ ਨਾਲ ਕਹਿ ਸਕਦੀ ਹਾਂ ਕਿ ਕੈਨੇਡਾ ਦੀ ਫ਼ੂਡ ਗਾਈਡ ਵਿਸ਼ਵ-ਪੱਧਰ ਦੇ ਉੱਤਮ ਸਰੋਤਾਂ ਵਿੱਚੋਂ ਇਕ ਹੈ। ਵਰਲਡ ਹੈੱਲਥ ਆਰਗੇਨਾਈਜ਼ੇਸ਼ਨ ਦੇ ਕੋਲੈਬੋਰੇਟਿੰਗ ਸੈਂਟਰ ਫ਼ਾਰ ਨਿਊਟ੍ਰੀਸ਼ਨ ਪਾਲਿਸੀ ਫ਼ਾਰ ਕਰੌਨਿਕ ਡਿਜ਼ੀਜ਼ਿਜ਼ ਪ੍ਰੀਵੈਂਨਸ਼ਨ ਦੀ ਡਾਇਰੈੱਕਟਰ ਮੈਰੀ ਲਾ' ਐਬੀ ਵਰਗੇ ਮਾਹਿਰ ਇਸ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ। ਇਹ ਗਾਈਡ ਫ਼ਲਾਂ, ਸਬਜ਼ੀਆਂ ਅਤੇ ਪੌਦਿਆਂ ਤੋਂ ਪ੍ਰਾਪਤ ਹੋਣ ਵਾਲੇ ਪ੍ਰੋਟੀਨ ਪਦਾਰਥਾਂ ਦੀ ਅਹਿਮੀਅਤ ਬਾਰੇ ਰੌਸ਼ਨੀ ਪਾਉਂਦੀ ਹੈ। ਇਤਿਹਾਸ ਵਿਚ ਪਹਿਲੀ ਵਾਰ ਇਹ ਮਸ਼ਵਰੇ ਵਿਗਿਆਨਕ ਜਾਣਕਾਰੀ ਅਤੇ ਤੱਥਾਂ ਦੇ ਆਧਾਰ 'ਤੇ ਦਿੱਤੇ ਗਏ ਹਨ ਅਤੇ ਇਨ੍ਹਾਂ ਉੱਪਰ ਕਿਸੇ ਉਦਯੋਗ ਨੂੰ ਸਰਕਾਰ ਵੱਲੋਂ ਮਿਲਣ ਵਾਲੇ ਵਿੱਤੀ ਲਾਭ ਦਾ ਜ਼ਰਾ ਜਿੰਨਾ ਵੀ ਪ੍ਰਭਾਵ ਨਹੀਂ ਹੈ।

ਮੈਨੂੰ ਪਿੱਛੇ ਜਿਹੇ ਕੈਨੇਡਾ ਦੀ ਸਿਹਤ ਮੰਤਰੀ ਮਾਣਯੋਗ ਗਿਨੇਤ ਪੈਤਿਤਪਾ ਟੇਲਰ ਦੇ ਨਾਲ ਬਰੈਂਪਟਨ ਵਿਚ ਇਸ ਫ਼ੂਡ ਗਾਈਡ ਦੇ 26 ਹੋਰ ਭਾਸ਼ਾਵਾਂ ਵਿਚ ਹੋਏ ਤਰਜਮੇ ਨੂੰ ਲੋਕ-ਅਰਪਿਤ ਕਰਨ ਦਾ ਮਾਣ ਹਾਸਲ ਹੋਇਆ। ਸਰਕਾਰ ਦੇ ਇਸ ਉਪਰਾਲੇ ਨਾਲ ਉਨ੍ਹਾਂ ਕੈਨੇਡਾ-ਵਾਸੀਆਂ ਨੂੰ ਇਸ ਗਾਈਡ ਦਾ ਲਾਭ ਪਹੁੰਚੇਗਾ ਜਿਨ੍ਹਾਂ ਦੀ ਮਾਤ-ਭਾਸ਼ਾ ਅੰਗਰੇਜ਼ੀ ਜਾਂ ਫ਼ਰੈਂਚ ਨਹੀਂ ਹੈ ਅਤੇ ਇਨ੍ਹਾਂ ਵਿਚ ਪੁਰਾਤਤਵ ਕੈਨੇਡੀਅਨ ਵੀ ਸ਼ਾਮਲ ਹਨ। ਕਈ ਕੇਸਾਂ ਵਿਚ ਇਨ੍ਹਾਂ ਕੈਨੇਡਾ-ਵਾਸੀਆਂ ਦੀਆਂ ਖਾਣ ਪੀਣ ਦੀਆਂ ਆਦਤਾਂ ਸ਼ੀਅਰ ਸਾਹਿਬ ਤੋਂ ਬਿਲਕੁਲ ਵੱਖਰੀਆਂ ਹਨ।

ਕਨਜ਼ਰਵੇਟਿਵ ਪਾਰਟੀ ਦੇ ਆਗੂ ਸ਼ੀਅਰ ਇਹ ਵੀ ਦਾਅਵਾ ਕਰਦੇ ਹਨ ਕਿ ਇਸ ਗਾਈਡ ਵਿਚੋਂ ਦੁੱਧ ਤੋਂ ਬਣੇ ਪਦਾਰਥਾਂ ਦੀ ਸ਼੍ਰੇਣੀ ਨੂੰ ਬਾਹਰ ਕੱਢ ਦਿੱਤਾ ਗਿਆ ਹੈ। ਇਹ ਇਕ ਹੋਰ ਵੱਡਾ ਝੂਠ ਹੈ। ਅਸੀਂ ਕਿਸੇ ਨੂੰ ਵੀ ਇਹ ਮਸ਼ਵਰਾ ਨਹੀਂ ਦਿੰਦੇ ਕਿ ਉਹ ਨੂੰ ਦੁੱਧ ਤੋਂ ਬਣੇ ਪਦਾਰਥ ਸੇਵਨ ਨਾ ਕਰੇ। ਸਗੋਂ ਸਿਹਤ ਮੰਤਰੀ ਨੇ ਤਾਂ ਇਸ ਦੇ ਬਾਰੇ ਬੜੇ ਸਾਫ਼ ਸ਼ਬਦਾਂ ਵਿਚ ਕਿਹਾ ਹੈ,"ਘੱਟ ਫ਼ੈਟ ਵਾਲਾ ਦੁੱਧ, ਘੱਟ ਫ਼ੈਟ ਵਾਲਾ ਦਹੀਂ ਅਤੇ ਘੱਟ ਫ਼ੈਟ ਤੇ ਸੋਡੀਅਮ ਵਾਲਾ ਪਨੀਰ ('ਚੀਜ਼') 'ਪ੍ਰੋਟੀਨ ਫ਼ੂਡ' ਹਨ, ਅਤੇ ਇਹ ਪੌਸ਼ਟਿਕ ਖ਼ੁਰਾਕ ਵਿਚ ਸ਼ਾਮਲ ਕੀਤੇ ਜਾਣ ਵਾਲੇ ਬਹੁਤ ਵਧੀਆ ਖਾਧ-ਪਦਾਰਥ ਹਨ।" ਸਾਡੀ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿਚ ਕੈਨੇਡਾ ਵਿਚ ਡੇਅਰੀ ਉਤਪਾਦਕਾਂ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਸਾਰੀ ਪੂੰਜੀ ਨਿਵੇਸ਼ ਕੀਤੀ ਹੈ ਕਿਉਂਕਿ ਸਾਨੂੰ ਪਤਾ ਹੈ ਕਿ ਡੇਅਰੀ ਇੰਡਸਟਰੀ ਕੈਨੇਡਾ ਦੀ ਖ਼ੁਸ਼ਹਾਲੀ ਲਈ ਮੁੱਖ-ਸਰੋਤ ਹੈ। 2015 ਤੋਂ ਅਸੀਂ ਡੇਅਰੀ ਇਨਵੈੱਸਟਮੈਂਟ ਪ੍ਰੋਗਰਾਮ ਸ਼ੁਰੂ ਕੀਤਾ ਹੈ ਅਤੇ ਡੇਅਰੀ ਪ੍ਰਾਸੈੱਸਿੰਗ ਇਨਵੈੱਸਟਮੈਂਟ ਪ੍ਰੋਗਰਾਮ ਵਿਚ 350 ਮਿਲੀਅਨ ਡਾਲਰ ਡੇਅਰੀ ਫ਼ਾਰਮਾਂ ਦੀ ਉਤਪਾਦਕਤਾ ਨੂੰ ਮਜ਼ਬੂਤ ਕਰਨ ਲਈ ਨਿਵੇਸ਼ ਕੀਤੇ ਹਨ।

ਇਸ ਤਰ੍ਹਾਂ ਐਂਡਰਿਊ ਸ਼ੀਅਰ ਇਹ ਘਟੀਆ ਪ੍ਰਚਾਰ ਕਿਵੇਂ ਕਰ ਸਕਦੇ ਹਨ ਕਿ ਲਿਬਰਲ ਸਰਕਾਰ ਦੀ ਇਹ ਨਵੀਂ ਫ਼ੂਡ ਗਾਈਡ ਡੇਅਰੀ ਇੰਡਸਟਰੀ ਪ੍ਰਤੀ ਪੱਖਪਾਤੀ ਹੈ। ਮਿਸਟਰ ਸ਼ੀਅਰ ਦੇ ਇਹ ਦਾਅਵੇ ਡੇਅਰੀ-ਉਤਪਾਦਕਾਂ ਨੂੰ ਡਰਾਉਣ ਦੀ ਕੋਸ਼ਿਸ਼ ਵਾਲੇ ਹਨ ਕਿ ਲਿਬਰਲ ਇਸ ਇੰਡਸਟਰੀ ਦੀ ਹਮਾਇਤ ਨਹੀਂ ਕਰਦੇ, ਜਦ ਕਿ ਤੱਥ ਭਲੀ-ਭਾਂਤ ਬਿਆਨ ਕਰਦੇ ਹਨ ਕਿ ਅਜਿਹੀ ਗੱਲ ਬਿਲਕੁਲ ਨਹੀਂ ਹੈ ਅਤੇ ਅਸੀਂ ਇਸ ਇੰਡਸਟਰੀ ਨੂੰ ਪੂਰਾ ਸਮੱਰਥਨ ਦੇ ਰਹੇ ਹਾਂ। ਦਰਅਸਲ, ਕਨਜ਼ਰਵੇਟਿਵਾਂ ਦੀ ਦਿਲਚਸਪੀ ਇਸ ਗਾਈਡ ਵਿਚ ਦਰਜ ਕੈਨੇਡੀਅਨਾਂ ਦੀ ਸਿਹਤ ਦੀ ਚਿੰਤਾ ਵਿਚ ਨਹੀਂ ਹੈ, ਸਗੋਂ ਇਸ ਤੋਂ ਉਲਟ ਇਹ ਆਉਣ ਵਾਲੀਆਂ ਫ਼ੈੱਡਰਲ ਚੋਣਾਂ ਵਿਚ ਵੋਟਾਂ ਬਟੋਰਨ ਵਿਚ ਹੈ। ਕਨਜ਼ਰਵੇਟਿਵ ਜਿਹੜੀ ਗੱਲ ਭੁੱਲ ਰਹੇ ਹਨ, ਉਹ ਕੈਨੇਡਾ ਦੇ ਬੱਚਿਆਂ, ਬਜ਼ੁਰਗਾਂ ਅਤੇ ਪਰਿਵਾਰਾਂ ਦੀ ਸਿਹਤ ਹੈ ਅਤੇ ਇਸ ਮੁੱਦੇ ਨੂੰ ਕਿਸੇ ਵੀ ਤਰ੍ਹਾਂ ਰਾਜਸੀ ਲਾਭ ਲੈਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ।

ਅਸੀਂ ਇਨ੍ਹਾਂ ਪਿਛਲੇ ਚਾਰ ਸਾਲਾਂ ਵਿਚ ਬਹੁਤ ਮਿਹਨਤ ਕੀਤੀ ਹੈ ਅਤੇ ਸਾਡੇ ਦਫ਼ਤਰੀ ਕਰਮਚਾਰੀਆਂ ਨੇ ਇਸ ਗਾਈਡ ਨੂੰ ਤਿਆਰ ਕਰਨ ਲਈ ਹੋਰ ਵੀ ਵਧੇਰੇ ਉਤਸ਼ਾਹ ਨਾਲ ਕੰਮ ਕੀਤਾ ਹੈ ਤਾਂ ਕਿ ਕੈਨੇਡਾ-ਵਾਸੀਆਂ ਨੂੰ ਪੌਸ਼ਟਿਕ ਖ਼ੁਰਾਕ ਸਬੰਧੀ ਇਹ ਵਧੀਆ ਦਸਤਾਵੇਜ਼ ਪ੍ਰਦਾਨ ਕੀਤਾ ਜਾ ਸਕੇ। ਕੈਨੇਡਾ ਅਜਿਹਾ ਦੇਸ਼ ਨਹੀਂ ਹੈ ਜੋ ਆਪਣੇ ਫ਼ੈਸਲੇ ਡਰ ਵਾਲੀ ਸਿਆਸਤ ਦੇ ਆਧਾਰਿਤ ਲੈਂਦਾ ਹੈ ਅਤੇ ਉਹ ਕਨਜ਼ਰਵੇਟਿਵਾਂ ਦੀ ਵੋਟਾਂ ਦੀ ਇਸ ਸੌੜੀ ਸਿਆਸਤ ਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ। ਇਸ ਤੋਂ ਪਹਿਲਾਂ ਵਾਲੀਆਂ ਫ਼ੂਡ ਗਾਈਡਾਂ ਵੱਡੀਆਂ ਕਾਰਪੋਰੇਸ਼ਨਾਂ ਨੂੰ ਫ਼ਾਇਦਾ ਪਹੁੰਚਾਉਣ ਦੇ ਮੰਤਵ ਨਾਲ ਤਿਆਰ ਕੀਤੀਆਂ ਗਈਆਂ ਹਨ। ਪਿਛਲੇ 10 ਸਾਲਾਂ ਵਿਚ ਨਵਿਆਈ ਗਈ ਇਹ ਅਜਿਹੀ ਪਹਿਲੀ ਗਾਈਡ ਹੈ ਜਿਹੜੀ ਕਿ ਵਿਗਿਆਨ ਅਤੇ ਤੱਥਾਂ ਦੇ ਆਧਾਰਿਤ ਹੈ, ਅਤੇ ਇਹ ਕੇਵਲ ਤੇ ਕੇਵਲ ਕੈਨੇਡਾ-ਵਾਸੀਆਂ ਦੀ ਸਿਹਤ ਵਿਚ ਸੁਧਾਰ ਕਰਨ ਲਈ ਤਿਆਰ ਕੀਤੀ ਗਈ ਹੈ।

ਮੈਂ ਸਾਰੇ ਕੈਨੇਡਾ-ਵਾਸੀਆਂ ਨੂੰ ਉਨ੍ਹਾਂ ਨਾਲ ਸਬੰਧਿਤ ਮੁੱਦਿਆਂ ਉੱਪਰ ਖ਼ੁਦ ਆਪ ਖੋਜ ਕਰਨ ਲਈ ਉਤਸ਼ਾਹਿਤ ਕਰਦੀ ਹਾਂ ਅਤੇ ਇਸ ਦੇ ਨਾਲ ਹੀ ਸ਼ੀਅਰ ਵਰਗੇ ਰਾਜਨੀਤਕ ਆਗੂਆਂ ਉੱਪਰ ਭਰ ਭਰੋਸਾ ਕਰਨ ਤੋਂ ਪ੍ਰਹੇਜ਼ ਕਰਨ ਲਈ ਆਖਦੀ ਹਾਂ ਜਿਹੜੇ ਵਿਗਿਆਨ ਨੂੰ ਵੀ ਚੁਣੌਤੀਆਂ ਦੇ ਰਹੇ ਹਨ ਅਤੇ ਵਿਗਿਆਨਕ ਤੱਥਾਂ ਉੱਪਰ ਵਿਸ਼ਵਾਸ ਕਰਨ ਦੀ ਬਜਾਏ ਆਪਣੀ ਨਿੱਜੀ ਵਿਚਾਰਧਾਰਾ ਨੂੰ ਲੋਕਾਂ ਉੱਪਰ ਥੋਪਣ ਦੀ ਕੋਸ਼ਿਸ਼ ਕਰ ਰਹੇ ਹਨ। ਸ਼ੀਅਰ ਦੀਆਂ ਟਿੱਪਣੀਆਂ ਦੀ ਸਿਹਤ ਤੇ ਖ਼ੁਰਾਕ ਦੇ ਮਾਹਿਰਾਂ ਵੱਲੋਂ ਭਾਰੀ ਨਿੰਦਾ ਹੋਈ ਹੈ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਦਾ ਕਹਿਣਾ ਹੈ ਕਿ ਇਨ੍ਹਾਂ ਟਿੱਪਣੀਆਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਕਈਆਂ ਨੇ ਤਾਂ ਇਹ ਵੀ ਕਿਹਾ ਹੈ ਕਿ ਸ਼ੀਅਰ ਨੇ ਇਹ ਸੱਭ ਡੇਅਰੀ ਖ਼ੇਤਰ ਨਾਲ ਸਬੰਧਿਤ ਲੋਕਾਂ ਨੂੰ ਖ਼ੁਸ਼ ਕਰਨ ਲਈ ਕੀਤਾ ਹੈ ਜਿਨ੍ਹਾਂ ਨੇ ਕਨਜ਼ਰਵੇਟਿਵ ਪਾਰਟੀ ਦੇ ਆਗੂ ਦੀ ਸਖ਼ਤ ਮੁਕਾਬਲੇ ਵਾਲੀ ਚੋਣ ਸਮੇਂ ਉਸ ਦੀ ਮਦਦ ਕੀਤੀ ਸੀ। ਹਾਲ ਵਿਚ ਹੀ ਸਿਹਤ ਸਬੰਧੀ ਮਾਹਿਰਾਂ ਵੱਲੋਂ ਜਾਰੀ ਹੋਇਆ ਤਾਜ਼ਾ ਬਿਆਨ ਡੇਅਰੀ ਤੇ ਮੀਟ ਵਾਲੇ ਖਾਧ-ਪਦਾਰਥਾਂ ਦੀ ਘੱਟ ਵਰਤੋਂ ਬਾਰੇ ਬੜੇ ਵਿਸਥਾਰ ਵਿਚ ਦੱਸਦਾ ਹੈ ਅਤੇ ਇਸ ਵਿਚ ਪਾਣੀ ਨੂੰ ਪੀਣ ਵਾਲੇ ਪਦਾਰਥ ਵਜੋਂ ਵਰਤਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਇਸ ਵਿਚ ਵਿਗਿਆਨੀਆਂ ਵੱਲੋਂ ਪੌਦਿਆਂ ਤੋਂ ਪ੍ਰਾਪਤ ਹੋਣ ਵਾਲੇ ਪ੍ਰੋਟੀਨ ਪਦਾਰਥਾਂ ਨੂੰ ਵਧੇਰੇ ਵਰਤੋਂ ਵਿਚ ਲਿਆਉਣ ਬਾਰੇ ਵੀ ਕਿਹਾ ਗਿਆ ਹੈ।

ਦਰਅਸਲ, ਜਿਹੜੀ ਗੱਲ ਦੀ ਮੈਨੂੰ ਵਧੇਰੇ ਚਿੰਤਾ ਹੈ, ਉਹ ਫ਼ੂਡ ਗਾਈਡ ਬਾਰੇ ਨਹੀਂ, ਸਗੋਂ ਮਿਸਟਰ ਸ਼ੀਅਰ ਦੀ ਵਿਗਿਆਨ ਅਤੇ ਇਸ ਦੇ ਤੱਥਾਂ ਦੀ ਪੇਤਲੀ ਜਾਣਕਾਰੀ ਬਾਰੇ ਹੈ। ਅਸੀਂ ਅਜਿਹਾ ਕਨਜ਼ਰਵੇਟਿਵ ਪਾਰਟੀ ਦੇ ਪਿਛਲੇ ਨੇਤਾ ਸਟੀਫ਼ਨ ਹਾਰਪਰ ਦੇ ਸਮੇਂ ਵੀ ਵੇਖਿਆ ਸੀ ਜਦੋਂ ਉਨ੍ਹਾਂ ਨੇ ਮਰਦਮ-ਸ਼ੁਮਾਰੀ ਸਬੰਧੀ ਅਤੀ-ਜ਼ਰੂਰੀ ਲੰਮਾ-ਚੌੜਾ ਫ਼ਾਰਮ ਕੈਂਸਲ ਕਰ ਦਿੱਤਾ ਸੀ ਅਤੇ ਹੁਣ ਇਹ ਓਨਟਾਰੀਓ ਵਿਚ ਇਸ ਪਾਰਟੀ ਦੇ ਆਗੂ ਡੱਗ ਫ਼ੋਰਡ ਦੇ ਰਾਜ ਦੌਰਾਨ ਵੀ ਮਹਿਸੂਸ ਕਰ ਰਹੇ ਹਾਂ। ਇਸ ਤੋਂ ਤਾਂ ਇੰਜ ਲੱਗ ਰਿਹਾ ਹੈ ਜਿਵੇਂ ਐਂਡਰਿਊ ਸ਼ੀਅਰ ਵੀ ਸ਼ਾਇਦ ਇਨ੍ਹਾਂ ਕਦਮਾਂ 'ਤੇ ਹੀ ਚੱਲਣਗੇ।

ਸਾਡੀ ਸਰਕਾਰ ਨੇ 2016 ਵਿਚ ਮਰਦਮ-ਸ਼ੁਮਾਰੀ ਵਾਲਾ ਪਹਿਲਾ ਫ਼ਾਰਮ ਫਿਰ ਤੋਂ ਲਾਗੂ ਕਰ ਦਿੱਤਾ ਅਤੇ ਇਸ ਵਿਚ ਕੈਨੇਡਾ ਦੀ ਜਨ-ਸੰਖਿਆ ਬਾਰੇ ਨਵੀਂ ਜਾਣਕਾਰੀ ਸ਼ਾਮਲ ਕੀਤੀ ਹੈ, ਕਿਉਂਕਿ ਅਸੀਂ ਇਸ ਵਿਚ ਉਪਲੱਬਧ ਜਾਣਕਾਰੀ ਅਤੇ ਤੱਥਾਂ ਦੇ ਆਧਾਰ 'ਤੇ ਜ਼ਰੂਰੀ ਫ਼ੈਸਲੇ ਲੈਣ ਵਿਚ ਯਕੀਨ ਰੱਖਦੇ ਹਾਂ। ਬੱਸ, ਏਹੀ ਗੱਲ ਸਾਨੂੰ ਕਨਜ਼ਰਵੇਟਿਵਾਂ ਤੋਂ ਵੱਖਰਿਆਉਂਦੀ ਹੈ ਅਤੇ ਏਸੇ ਲਈ ਹੀ ਲੋਕਾਂ ਨੇ 2015 ਵਿਚ ਸਾਨੂੰ ਚੁਣ ਕੇ ਪਾਰਲੀਮੈਂਟ ਵਿਚ ਭੇਜਣ ਦਾ ਮਾਣ ਬਖ਼ਸ਼ਿਆ ਸੀ।

ਮੈਂ ਸਾਰਿਆਂ ਨੂੰ ਇਹ ਪੁਰਜ਼ੋਰ ਬੇਨਤੀ ਕਰਦੀ ਹਾਂ ਕਿ ਉਹ ਕੈਨੇਡਾ ਦੀ ਫ਼ੂਡ ਗਾਈਡ 'ਤੇ ਦ੍ਰਿੜ ਵਿਸ਼ਵਾਸ ਰੱਖਣ, ਨਾ ਕਿ ਐਂਡਰਿਊ ਸ਼ੀਅਰ ਜਾਂ ਉਸ ਦੀ ਕਨਜ਼ਰਵੇਟਿਵ ਪਾਰਟੀ 'ਤੇ।

# ਕੈਨੇਡਾ 'ਚ ਜੀ ਆਇਆਂ ਨੂੰ - ਜਾਣਨਾ ਚਾਹੁੰਦੇ ਹੋ ਕੀ ਅੱਗੇ ਕੀ ਕਰੀਏ?

ਤੁਹਾਡੀ ਕੈਨੇਡਾ ਬੈਂਕਿੰਗ ਯਾਤਰਾ ਵਿੱਚ ਸੁਰੂਆਤ ਵਾਸਤੇ ਗੁਰ

ਨਵੇਂ ਦੇਸ਼ ਵਿੱਚ ਮੁੜ-ਵਸੇਬਾ ਰੋਮਾਂਚਕਾਰੀ ਅਤੇ ਬੋਝ ਦੋਵੇਂ ਬਰਾਬਰ ਰੂਪ ਵਿੱਚ ਹੋ ਸਕਦਾ ਹੈ। ਇਹ ਜਾਣ-ਪਛਾਣੇ ਨੂੰ ਛੱਡਣਾ ਹੁੰਦਾ ਹੈ ਅਤੇ ਅਕਸਰ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ ਆਪਣੇ ਨਵੇਂ ਘਰ ਵਿੱਚ ਆਪਣੇ ਵਿੱਤੀ ਪੈਰਾਂ ਜਮਾਉਣ ਦੇ ਲਈ।

"ਕੈਨੇਡਾ ਵਿੱਚ ਤੁਹਾਡੀ ਨਵੀਂ ਜ਼ਿੰਦਗੀ ਮੌਕਿਆਂ ਦੇ ਨਾਲ ਨਾਲ ਕੁਝ ਅਣਜਾਣ ਚੀਜ਼ਾਂ ਦੇ ਨਾਲ ਭਰੀ ਹੁੰਦੀ ਹੈ," ਫਰੈਂਕ ਪਸੋਰਸ (Frank Psoras), TD ਵਿਖੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਆਫ਼ ਐਵਰੀ ਡੇਅ ਬੈਂਕਿੰਗ ਨੇ ਕਿਹਾ। "ਜਿਵੇਂ ਤੁਸੀਂ ਆਪਣੇ ਨਵੇਂ ਘਰ ਦੇ ਮੁਤਾਬਕ ਬਦਲਦੇ ਹੋ ਤਾਂ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਤੁਸੀਂ ਇਕੱਲੇ ਨਹੀਂ ਹੋ - ਕੈਨੇਡਾ ਵਿੱਚ ਤੁਹਾਡੀ ਯਾਤਰਾ ਵਿੱਚ ਤੁਹਾਡੇ ਵਸਣ ਲਈ ਤੁਹਾਡਾ ਵੱਧ ਭਰੋਸਾ ਦੇਣ ਵਾਸਤੇ ਮਦਦ ਲਈ ਕਈ ਸਾਧਨ ਅਤੇ ਸਰੋਤ ਤਿਆਰ ਕੀਤੇ ਗਏ ਹਨ।"

ਤਾਜ਼ਾ ਸਰਵੇਖਣ ਦੇ ਮੁਤਾਬਕ, ਨਵੇਂ ਕੈਨੇਡੀਅਨਾਂ ਵਿੱਚੋਂ ਦੋ 'ਚੋਂ ਇੱਕ (55 ਫ਼ੀਸਦੀ) ਨੂੰ ਮਹਿਸੂਸ ਨਹੀਂ ਹੁੰਦਾ ਹੈ ਕਿ ਉਹਨਾਂ ਕੋਲ ਕੈਨੇਡਾ ਵਿੱਚ ਉਹਨਾਂ ਲਈ ਉਪਲਬਧ ਵਿੱਤੀ ਸੇਵਾਵਾਂ ਬਾਰੇ ਲੋੜੀਂਦੀ ਜਾਣਕਾਰੀ ਹੈ। ਤੁਹਾਡੀ ਯਾਤਰਾ ਵਿੱਚ ਮਦਦ ਲਈ ਭਰੋਸੇਯੋਗ ਨੈੱਟਵਰਕ ਬਣਾਉਣਾ ਅਤੇ ਆਮ ਸਵਾਲਾਂ ਨੂੰ ਸਮਝਣਾ ਜਿਸ ਵਿੱਚ ਬੈਂਕਿੰਗ ਬਾਰੇ ਸਵਾਲ ਹਨ ਤੁਹਾਨੂੰ ਹੋਰ ਤੇਜ਼ੀ ਨਾਲ ਸਥਾਪਤ ਹੋਣ ਲਈ ਮਦਦ ਕਰ ਸਕਦੇ ਹਨ। ਜਦੋਂ ਕਿ ਤੁਹਾਡੀ ਕੈਨੇਡੀਅਨ ਵਿੱਤੀ ਯਾਤਰਾ ਪਹਿਲਾਂ ਪਹਿਲਾਂ ਬੋਝ ਜਾਪ ਸਕਦੀ ਹੈ, ਤੁਹਾਡੀ ਸੁਰੂਆਤ ਲਈ ਮਦਦ ਵਾਸਤੇ ਇੱਥੇ ਕੁਝ ਗੁਰ ਇਹ ਹਨ:

1. ਆਪਣੀ ਖੋਜ ਕਰੋ

ਆਪਣੇ ਲਈ ਢੁੱਕਵਾਂ ਵਿੱਤੀ ਸੰਗਠਨ ਲੱਭੋ: ਜਦੋਂ ਤੁਸੀਂ ਨਵੇਂ ਦੇਸ਼ ਵਿੱਚ ਖੁਦ ਨੂੰ ਸਥਾਪਤ ਕਰ ਰਹੇ ਹੁੰਦੇ ਹੋ ਤਾਂ ਸਭ ਖਾਸ ਸੁਰੂਆਤੀ ਪੜਾਅ ਮੁੱਢਲੀਆਂ ਚੀਜ਼ਾਂ ਦੇ ਨਾਲ ਖੁਦ ਨੂੰ ਜਾਣੂ ਕਰਵਾਉਣਾ ਹੈ ਕਿ ਉਹ ਕਿਸ ਤਰ੍ਹਾਂ ਕੰਮ ਕਰਦੀਆਂ ਹਨ, ਜਿਸ ਵਿੱਚ ਲੋਕਲ ਬੈਂਕਿੰਗ ਸਿਸਟਮ ਸ਼ਾਮਲ ਹੈ। TD ਦੇ ਸਰਵੇਖਣ ਨੇ ਖੋਜਿਆ ਹੈ ਕਿ ਨਵੇਂ ਆਉਣ ਵਾਲਿਆਂ ਵਿੱਚੋਂ 50 ਫ਼ੀਸਦੀ ਯਕੀਨ ਕਰਦੇ ਹਨ ਕਿ ਕੈਨੇਡਾ ਵਿੱਚ ਉਹਨਾਂ ਦੇ ਵਿੱਤਾਂ ਦਾ ਇੰਤਜ਼ਾਮ ਉਹਨਾਂ ਦੇ ਆਪਣੇ ਦੇਸ਼ ਤੋਂ ਬਿਲਕੁਲ ਵੱਖਰਾ ਹੈ। ਅਣਜਾਣ ਚੀਜ਼ਾਂ ਦੇ ਇੰਤਜ਼ਾਮ ਲਈ ਮਦਦ ਵਾਸਤੇ, TD ਵੱਖਰੇ ਵਿੱਤੀ ਸੰਗਠਨਾਂ ਬਾਰੇ ਜਾਣਨ, ਉਹਨਾਂ ਵਲੋਂ ਦਿੱਤੀਆਂ ਜਾਦੀਆਂ ਸੇਵਾਵਾਂ ਨੂੰ ਸਮਝਣ ਅਤੇ ਉਹ ਕਿਵੇਂ ਤੁਹਾਡੀਆਂ ਲੋੜਾਂ ਪੂਰੀਆਂ ਕਰਦੇ ਹਨ, ਨੂੰ ਜਾਣਨ ਲਈ ਵਕਤ ਦੇਣ ਦੀ ਸਿਫਾਰਸ਼ ਕਰਦੀ ਹੈ। ਚੀਜ਼ਾਂ ਜਿੰਨਾਂ ਬਾਰੇ ਤੁਹਾਨੂੰ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ ਉਹ ਤੁਹਾਡੀ ਭਾਸ਼ਾ ਵਿੱਚ ਸੇਵਾ ਦਿੰਦੇ ਹਨ, ਆਥਣੇ ਜਾਂ ਵੀਕਐਂਡ (ਹਫ਼ਤੇ ਦਾ ਅੰਤਲਾ ਦਿਨ) ਦੌਰਾਨ ਸੌਖੇ ਘੰਟਿਆਂ ਦੀ ਪੇਸ਼ਕਸ਼ ਕਰਦੇ ਹਨ, ਤੁਹਾਡੇ ਨੇੜੇ ਅਸਲ ਬਰਾਂਚ ਹੈ ਅਤੇ ਵਰਤੋਂ ਕਾਰ ਲਈ ਸੌਖਾ ਡਿਜ਼ੀਟਲ ਬੈਂਕਿੰਗ ਤਜਰਬੇ ਦਿੰਦੇ ਹਨ। "ਹਰੇਕ ਦੀਆਂ ਆਪਣੀਆਂ ਲੋੜਾਂ ਦਾ ਸਮੂਹ ਹੈ। ਬਹੁਤੇ ਲੋਕ ਆਪਣੀ ਖੋਜ ਆਔਨਲਾਈਨ ਸ਼ੁਰੂ ਕਰਨਗੇ," ਪਸੋਰਸ ਨੇ ਅੱਗੇ ਕਿਹਾ। "ਭਾਵੇਂ ਤੁਸੀਂ ਕੈਨੇਡਾ ਆਉਣ ਦੀ ਵਿਉਂਤ ਬਣਾ ਰਹੇ ਹੋ, ਹੁਣੇ ਪਹੁੰਚੇ ਹੋ ਜਾਂ ਪੈਰ ਜਮਾਂ ਰਹੇ ਹੋ ਕੈਨੇਡਾ ਵਿੱਚ ਨਵੇਂ ਆਇਆ ਲਈ ਟੀਡੀ ਬੈਂਕਿੰਗ ਵੈੱਬਸਾਈਟ ਉਹਨਾਂ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਡੇ ਮੀਲ ਦੇ ਪੱਥਰ ਚੋਂ ਇੱਕ ਨੂੰ ਪਾਰ ਕਰਨ ਲਈ ਨਵੇਂ ਕੈਨੇਡੀਅਨ ਨੂੰ ਵੱਧ ਭਰੋਸਾ ਦੇਣ ਲਈ ਸਧਾਰਨ ਅਤੇ ਸੌਖਾ ਢੰਗ ਹੈ।

2. ਸਹੀ ਢੰਗ ਨਾਲ ਆਪਣੀ ਕੈਨੇਡੀਅਨ ਵਿੱਤੀ ਯਾਤਰਾ ਸ਼ੁਰੂ ਕਰੋ:

ਆਪਣੀ ਕੈਨੇਡੀਅਨ ਕਰੈਡਿਟ ਹਿਸਟਰੀ ਬਣਾਓ: ਮਜ਼ਬੂਤ ਕੈਨੇਡੀਅਨ ਕਰੈਡਿਟ ਹਿਸਟਰੀ ਬਣਾਉਣੀ ਅਤੇ ਲਗਾਤਾਰ ਬਣਾਈ ਰੱਖਣੀ ਤੁਹਾਡੇ ਚੰਗੇ ਵਿੱਤੀ ਭਵਿੱਖ ਬਣਾਈ ਰੱਖਣ ਨੂੰ ਯਕੀਨੀ ਬਣਾਉਣ ਲਈ ਮਦਦ ਕਰਦੀ ਹੈ। ਚੰਗੀ ਕਰੈਡਿਟ ਹਿਸਟਰੀ ਮੁੱਢਲੀ ਲੋੜ ਹੁੰਦੀ ਹੈ ਜੋ ਕਿ ਤੁਹਾਨੂੰ ਨਵੇਂ ਘਰ, ਵਹੀਕਲ ਜਾਂ ਵਿਦਿਆਰਥੀ ਕਰਜ਼ ਲੈਣ ਲਈ ਮਦਦ ਕਰਦੀ ਹੈ, ਇਸਕਰਕੇ ਆਪਣੇ ਮੁਢਲੇ ਕਦਮ ਤੋਂ ਹੀ ਚੰਗੀਆਂ ਵਿੱਤੀ ਆਦਤਾਂ ਨੂੰ ਅਮਲ ਵਿੱਚ ਲਿਆਉ। ਤੁਸੀਂ ਆਪਣੀ ਬੈਂਕ ਰਾਹੀਂ ਕੈਨੇਡੀਅਨ ਕਰੈਡਿਟ ਕਾਰਡ ਬਣਵਾ ਕੇ ਅਤੇ ਹਰ ਮਹੀਨੇ ਸਮੇਂ ਸਿਰ ਅਤੇ ਪੂਰੇ ਬਿੱਲਾਂ ਦਾ ਭੁਗਤਾਨ ਕਰਕੇ ਕਰੈਡਿਟ ਹਿਸਟਰੀ ਬਣਾਉਣਾ ਸ਼ੁਰੂ ਕਰ ਸਕਦੇ ਹੋ। ਜ਼ੁੰਮੇਵਾਰੀ ਨਾਲ ਕਰੈਡਿਟ ਵਰਤਣ ਨਾਲ ਤੁਸੀਂ ਮਜ਼ਬੂਤ ਕਰੈਡਿਟ ਸਕੋਰ ਬਣਾਉਂਦੇ ਹੋ ਅਤੇ ਤੁਹਾਡੇ ਵਿੱਤੀ ਟੀਚੇ ਪੂਰਨ ਨੂੰ ਯਕੀਨੀ ਬਣਾਉਣ ਲਈ ਵਧੀਆ ਢੰਗ ਹੈ।

ਅੰਦਰੂਨੀ

ਆਪਣੇ ਥੋੜ੍ਹ, ਮੱਧਮ ਅਤੇ ਲੰਮੇ ਸਮੇਂ ਦੇ ਟੀਚਿਆਂ ਲਈ ਵਿਉਂਤ ਬਣਾਓ: ਆਪਣੇ ਨਵੇਂ ਘਰ ਵਿੱਚ ਸਥਾਪਤ ਹੋਣ ਲਈ ਮਦਦ ਵਾਸਤੇ ਸੌਖਾ ਢੰਗ ਹੈ ਵਿੱਤੀ ਸਲਾਹਕਾਰ ਲੱਭਣਾ ਹੈ, ਜੋ ਕਿ ਤੁਹਾਨੂੰ ਤੁਹਾਡੇ ਥੋੜ੍ਹ, ਮੱਧਮ ਅਤੇ ਲੰਮੇ ਸਮੇਂ ਦੇ ਭਵਿੱਖ ਲਈ ਤੁਹਾਡੇ ਟੀਚਿਆਂ ਦਾ ਮੁਲਾਂਕਣ ਕਰਨ ਲਈ ਤੁਹਾਡੀ ਮਦਦ ਕਰ ਸਕਦਾ ਹੈ। ਭਰੋਸੇਯੋਗ ਸਲਾਹਕਾਰ ਤੁਹਾਨੂੰ ਵਿਉਂਤ ਬਣਾਉਣ ਲਈ ਮਦਦ ਕਰ ਸਕਦਾ ਹੈ, ਜੋ ਕਿ ਤੁਹਾਨੂੰ ਤੁਹਾਡੇ ਟੀਚੇ ਪੂਰੇ ਕਰਨ ਦੇਵੇ, ਜਦੋਂ ਕਿ ਤਰਜੀਹਾਂ, ਜਿਵੇਂ ਕਿ ਘਰ, ਪਰਿਵਾਰ ਸ਼ੁਰੂ ਕਰਨਾ, ਜਾਂ ਆਪਣੇ ਜਾਂ ਆਪਣੇ ਬੱਚਿਆਂ ਲਈ ਵਿੱਦਿਅਕ ਲੋੜਾਂ ਪੂਰੀਆਂ ਕਰਨ

ਅਤੇ ਭਵਿੱਖ ਲਈ ਬੱਚਤ ਕਰਨ ਨੂੰ ਪੂਰਾ ਕਰਨ ਲਈ ਇੰਤਜ਼ਾਮ ਕਰਨ ਦੇਵੇ। ਜਿਵੇਂ ਕਿ ਤੁਸੀਂ ਕੈਨੇਡਾ ਵਿੱਚ ਆਪਣੇ ਨਵੇਂ ਘਰ ਅਤੇ ਕੰਮ ਵਿੱਚ ਵੱਧ ਸਥਾਪਤ ਹੁੰਦੇ ਹੋ ਤਾਂ ਆਪਣੇ ਵਿੱਤੀ ਟੀਚਿਆਂ ਉੱਤੇ ਨਜ਼ਰਸਾਨੀ ਅਤੇ ਮੁੜ-ਪੜਤਾਲ ਕਰਨਾ ਯਾਦ ਰੱਖੋ - ਆਪਣੇ ਹਾਲਤਾਂ ਦੇ ਉਭਰਨ ਦੇ ਨਾਲ ਨਾਲ ਹਮੇਸ਼ਾਂ ਅਗਲੇਰੀ ਵਿਉਂਤਬੰਦੀ ਕਰੋ।

3. ਸੰਪਰਕ 'ਚ ਰਹਿਣ ਲਈ ਢੰਗ ਲੱਭੋ:

ਆਪਣੇ ਪਿਆਰਿਆਂ ਲਈ ਮੌਜੂਦ ਰਹੋ: ਨਵੇਂ ਦੇਸ਼ ਵਿੱਚ ਨਵੀਂ ਜ਼ਿੰਦਗੀ ਦੀ ਸੁਰੂਆਤ ਕਰਨੀ, ਜਦੋਂ ਕਿ ਪਿਛਲੇ ਦੇਸ਼ ਵਿੱਚ ਪਿਆਰਿਆਂ ਲਈ ਵਿੱਤੀ ਸੰਬੰਧਾਂ ਨੂੰ ਬਣਾਈ ਰੱਖਣਾ ਚੁਣੌਤੀਪੂਰਨ ਹੋ ਸਕਦਾ ਹੈ। TD ਕਈ ਸੌਖੀਆਂ ਚੋਣਾਂ ਦੀ ਪੇਸ਼ਕਸ਼ ਕਰਦੀ ਹੈ, ਜਿਸ ਵਿੱਚ ਹੁਣੇ ਹੁਣੇ ਸ਼ੁਰੂ ਕੀਤੀ western Union Money Transfer ਸੇਵਾ ਹੈ, ਜੋ ਕਿ TD ਦੇ ਗਾਹਕਾਂ ਨੂੰ ਆਪਣੇ ਨਿੱਜੀ TD ਕੈਨੇਡੀਅਨ ਡਾਲਰ ਚੈਕਿੰਗ, ਸੇਵਿੰਗ ਜਾਂ ਲਾਈਨ ਆਫ਼ ਕਰੈਡਿਟ ਤੋਂ ਧਨ ਨੂੰ ਸੰਸਾਰ ਭਰ ਵਿੱਚ 200 ਤੋਂ ਵੱਧ ਦੇਸ਼ਾਂ ਅਤੇ ਖਿੱਤਿਆਂ ਵਿੱਚ ਵਿੱਚ 5,00,000 ਤੋਂ ਵੱਧ western Union ਏਜੰਟਾਂ ਤੋਂ ਨਕਦ ਲੈਣ ਲਈ ਭੇਜਣ ਦੀ ਸਮਰੱਥ ਕਰਦੀ ਹੈ। "ਭਾਵੇਂ ਇਹ ਵਿੱਤੀ ਸਹਿਯੋਗ ਦੇਣਾ ਹੋਵੇ, ਖਾਸ ਮੌਕੇ ਦੀ ਪਛਾਣ ਹੋਵੇ ਜਾਂ ਖ਼ਰਚਿਆਂ ਲਈ ਮਦਦ ਹੋਵ western Union Money Transfer ਸੇਵਾ ਤੇਜ਼, ਸੌਖੀ ਅਤੇ ਸੰਸਾਰ ਭਰ ਵਿੱਚ ਤੁਹਾਡੇ ਪਿਆਰਿਆਂ ਲਈ ਤੁਹਾਡੀ ਮੌਜੂਦਗੀ ਦਾ ਹੋਰ ਢੰਗ ਹੋ ਸਕਦੀ ਹੈ," ਪਸੋਰਸ ਨੇ ਕਿਹਾ।

ਕੈਨੇਡਾ ਵਿੱਚ ਆਪਣੀ ਵਿੱਤੀ ਯਾਤਰਾ ਦੀ ਸੁਰੂਆਤ ਕਰਨ ਬਾਰੇ ਹੋਰ ਜਾਣਕਾਰੀ ਲਈ ਦੀ ਕੈਨੇਡਾ ਵਿੱਚ ਨਵੇਂ ਆਇਆਂ ਲਈ ਬੈਂਕਿੰਗ ਵੈੱਬਸਾਈਟ ਨੂੰ ਵੇਖੋ।

ਸਰੋਤ TD Bank Group


## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

ਸੰਤ ਰਾਮਪਾਲ ਜੀ ਮਹਾਰਾਜ ਰੂਹਾਨੀ ਵਿਚਾਰ ਲਈ ਬਰੈਂਪਟਨ ਆ ਰਹੇ ਹਨ
Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative
(416) 970-5005



Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਗੱਦੀ ਅਤੇ ਗੱਦਾਰੀ ਨਾਲ-ਨਾਲ ਨਹੀਂ ਚੱਲਣੀ ਚਾਹੀਦੀ

-ਪੂਨਮ ਆਈ ਕੌਸ਼ਿਸ਼

ਇਸ ਬਰਸਾਤ ਦੇ ਮੌਸਮ ਵਿੱਚ ਪਾਰਟੀਆਂ ਵਿੱਚ ਵੰਡ ਦੀ ਬਾਰਸ਼ ਹੋ ਰਹੀ ਹੈ। ਕੋਈ ਨਹੀਂ ਜਾਣਦਾ ਕਿ ਕੌਣ ਕਿਸ ਦੇ ਨਾਲ ਸੌਂ ਰਿਹਾ ਹੈ, ਕੌਣ ਕਿਸ ਦੇ ਬਿਸਤਰੇ ਵਿੱਚੋਂ ਕਿਸ ਦੇ ਬਿਸਤਰੇ ਵਿੱਚ ਛਾਲ ਮਾਰ ਰਿਹਾ ਹੈ ਕਿਉਂਕਿ ਦੋਸਤ ਅਤੇ ਦੁਸ਼ਮਣ ਸਭ ਇਕਮਿਕ ਹੋ ਗਏ ਹਨ ਤੇ ਇਸ ਦਾ ਕਾਰਨ ਇਹ ਹੈ ਕਿ ਸੱਤਾ 'ਚ ਆਉਣ ਲਈ ਚੁਣੇ ਹੋਏ ਵਿਧਾਇਕਾਂ ਨੂੰ ਲੁਭਾਉਣਾ ਤੇ ਉਨ੍ਹਾਂ ਨੂੰ ਸਵੀਕਾਰ ਕਰਨਾ ਸਭ ਤੋਂ ਸੌਖੀ ਰਣਨੀਤੀ ਬਣ ਗਈ ਹੈ ਅਤੇ ਇਨ੍ਹਾਂ ਬਨਾਉਟੀ ਸਮੀਕਰਣਾਂ ਰਾਹੀਂ ਸਾਨੂੰ ਭਰੋਸਾ ਦਿੱਤਾ ਜਾ ਰਿਹਾ ਹੈ ਕਿ ਸਮੇਂ ਅਨੁਸਾਰ ਟੀਚਾ ਹਾਸਲ ਕਰਨਾ ਹੀ ਯੋਗ ਹੈ। ਅੱਜ ਦਲ-ਬਦਲੀ ਆਮ ਗੱਲ ਹੋ ਗਈ ਹੈ। ਪਿਛਲੇ ਹਫਤੇ ਅਸੀਂ ਕਾਂਗਰਸ ਅਤੇ ਜਨਤਾ ਦਲ (ਐੱਸ) ਦੇ 15 ਵਿਧਾਇਕਾਂ ਦੀ ਖਰੀਦੋ-ਫਰੋਖਤ ਦਾ ਗਵਾਹ ਬਣੇ ਸਾਂ, ਜਿਸ ਕਾਰਨ ਕੁਮਾਰਸਵਾਮੀ ਸਰਕਾਰ ਦਾ ਪਤਨ ਹੋਇਆ ਤੇ ਯੇਦੀਯੁਰੱਪਾ ਦੀ ਭਾਜਪਾ ਸਰਕਾਰ ਬਣੀ ਹੈ। ਇਹ ਵੱਖਰੀ ਗੱਲ ਹੈ ਕਿ ਉਸ ਤੋਂ ਬਾਅਦ ਵੀ ਵਿਧਾਨ ਸਭਾ ਦੇ ਸਪੀਕਰ ਨੇ ਇਨ੍ਹਾਂ ਵਿਧਾਇਕਾਂ ਨੂੰ ਅਯੋਗ ਠਹਿਰਾ ਦਿੱਤਾ ਅਤੇ ਉਨ੍ਹਾਂ ਦੇ ਅਯੋਗ ਠਹਿਰਾਉਣ ਦੇ ਕਾਰਨ ਉਹ ਇਸ ਵਿਧਾਨ ਸਭਾ ਦੇ ਬਾਕੀ ਕਾਰਜਕਾਲ ਤੱਕ ਚੋਣ ਨਹੀਂ ਲੜ ਸਕਦੇ ਜਾਂ ਕਿਸੇ ਵੀ ਅਹੁਦੇ ਨੂੰ ਹਾਸਲ ਨਹੀਂ ਕਰ ਸਕਦੇ।

ਕੀ ਤੁਸੀਂ ਇਸ ਘਟਨਾਚੱਕਰ ਤੋਂ ਹੈਰਾਨ ਹੋ ਗਏ ਹੋ, ਦੁਖੀ ਹੋਏ ਹੋ? ਬਿਲਕੁਲ ਨਹੀਂ। ਪਿਛਲੇ ਇੱਕ ਮਹੀਨੇ ਤੋਂ ਅਸੀਂ ਦੇਖਿਆ ਹੈ ਕਿ ਰਾਜ ਸਭਾ ਵਿੱਚ ਤੇਲਗੂ ਦੇਸਮ ਪਾਰਟੀ ਦੇ ਚਾਰ ਮੈਂਬਰ ਭਾਜਪਾ 'ਚ ਸ਼ਾਮਲ ਹੋ ਗਏ ਤੇ ਗੋਆ ਵਿੱਚ ਕਾਂਗਰਸ ਦੇ 15 ਮੈਂਬਰ ਭਾਜਪਾ ਨਾਲ ਜਾ ਜੁੜ ਗਏ ਅਤੇ ਉਸ ਤੋਂ ਬਾਅਦ ਤਿੰਨ ਵਿਧਾਇਕਾਂ ਨੂੰ ਕਾਹਲੀ ਵਿੱਚ ਮੰਤਰੀ ਵੀ ਬਣਾ ਦਿੱਤਾ ਗਿਆ ਅਤੇ ਇਹ ਸਭ ਕੁਝ ਕਾਨੂੰਨ ਅਨੁਸਾਰ ਹੋਇਆ ਕਿਉਂਕਿ ਇਹ ਦਲ ਬਦਲੀ ਰੋਕੂ ਕਾਨੂੰਨ ਦੀ ਦੋ-ਤਿਹਾਈ ਹੱਦ ਨੂੰ ਪੂਰਾ ਕਰਦਾ ਹੈ। ਇਹ ਦੋਵੇਂ ਮਿਸਾਲਾਂ ਦੱਸਦੀਆਂ ਹਨ ਕਿ 10ਵੀਂ ਸੂਚੀ 'ਚ ਗੰਭੀਰ ਖਾਮੀ ਹੈ, ਜਿਸ ਦੇ ਤਹਿਤ ਇੱਕ-ਤਿਹਾਈ ਮੈਂਬਰਾਂ ਨੂੰ ਅਸੈਂਬਲੀ ਪਾਰਟੀ 'ਚ ਪਾਟਕ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਉਨ੍ਹਾਂ ਉੱਤੇ ਅਯੋਗ ਹੋਣ ਦਾ ਤਮਗਾ ਵੀ ਨਹੀਂ ਲੱਗਦਾ। ਮੂਲ ਕਾਂਗਰਸ ਜਾਂ ਤੇਲਗੂ ਦੇਸਮ ਪਾਰਟੀ ਵਿੱਚ ਵੰਡ ਨਹੀਂ ਹੋਈ ਹੈ, ਨਾ ਹੀ ਇਸ ਦੀ ਅਸੈਂਬਲੀ ਪਾਰਟੀ ਜਾਂ ਪਾਰਲੀਮੈਂਟਰੀ ਪਾਰਟੀ ਵਿੱਚ ਵੰਡ ਹੋਈ ਹੈ, ਫਿਰ 10 ਵਿਧਾਇਕਾਂ ਜਾਂ ਚਾਰ ਪਾਰਲੀਮੈਂਟ ਮੈਂਬਰ ਕਿਸ ਤਰ੍ਹਾਂ ਰਲੇਵਾਂ ਕਰ ਸਕਦੇ ਹਨ? ਤੇਲਗੂ ਦੇਸਮ ਪਾਰਟੀ ਦੀ ਪਾਰਲੀਮੈਂਟਰੀ ਧਿਰ ਵਿੱਚ ਨੌਂ ਮੈਂਬਰਾਂ ਵਿੱਚੋਂ ਤਿੰਨ ਲੋਕ ਸਭਾ ਵਿੱਚ ਅਤੇ ਛੇ ਰਾਜ ਸਭਾ ਵਿੱਚ ਹਨ ਅਤੇ ਇਸ ਦੇ ਲਈ ਅਯੋਗ ਹੋਣ ਤੋਂ ਬਚਣ ਲਈ ਦੋ-ਤਿਹਾਈ ਮੈਂਬਰਾਂ ਲਈ ਛੇ ਪਾਰਲੀਮੈਂਟ ਮੈਂਬਰ ਚਾਹੀਦੇ ਹਨ ਤੇ ਜੇ ਸਿਰਫ ਚਾਰ ਮੈਂਬਰਾਂ ਨੇ ਦਲ ਬਦਲੀ ਕੀਤੀ ਹੈ ਤਾਂ ਉਨ੍ਹਾਂ ਨੂੰ ਅਯੋਗ ਐਲਾਨ ਦੇਣਾ ਚਾਹੀਦਾ ਹੈ ਅਤੇ ਇਸ ਰਲੇਵੇਂ ਨੂੰ ਮੰਨਿਆ ਨਹੀਂ ਜਾਣਾ ਚਾਹੀਦਾ।

ਸਾਲ 2017 ਵਿੱਚ ਭਾਜਪਾ ਅਰੁਣਾ-ਚਲ ਪ੍ਰਦੇਸ਼ ਵਿੱਚ ਉਦੋਂ ਸੱਤਾ ਵਿੱਚ ਆਈ ਸੀ, ਜਦੋਂ ਮੁੱਖ ਮੰਤਰੀ ਪੇਮਾ ਖਾਂਡੂ ਦੇ ਨਾਲ ਬਦਲੀ ਕੀਤੀ ਤੇ ਇਹੋ ਸਥਿਤੀ ਮਣੀਪੁਰ, ਪੱਛਮੀ ਬੰਗਾਲ, ਉਤਰਾਖੰਡ, ਗੁਜਰਾਤ ਤੇ ਮਹਾਰਾਸ਼ਟਰ ਵਿੱਚ ਦੇਖਣ ਨੂੰ ਮਿਲੀ ਹੈ, ਜਿੱਥੇ ਕਈ ਮੈਂਬਰ ਦਲ ਬਦਲੀ ਕਰ ਰਹੇ ਹਨ। ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਦੇ ਦੋ ਵਿਧਾਇਕ ਅਤੇ ਸੱਠ ਕੌਂਸਲਰ ਮਈ ਦੇ ਅਖੀਰ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ, ਪਰ ਜੂਨ ਵਿੱਚ ਕੁਝ ਮੈਂਬਰਾਂ ਨੇ ਘਰ ਵਾਪਸੀ ਕੀਤੀ। ਮਮਤਾ ਬੈਨਰਜੀ ਨੇ ਇਸ ਨੂੰ ਲੋਕਤੰਤਰ ਦਾ ਕਤਲ ਕਿਹਾ, ਪਰ ਉਨ੍ਹਾਂ ਨੇ ਖੁਦ ਸੀ ਪੀ ਐੱਮ ਵਿੱਚੋਂ ਦਲ ਬਦਲੀ ਕਰਵਾਈ ਸੀ।

ਇੱਕ ਨਵੀਂ ਸਥਿਤੀ ਦੇਖਣ ਨੂੰ ਮਿਲੀ ਸੀ, ਜਿੱਥੇ ਸਪੀਕਰ ਦਲ ਬਦਲੀ ਦੇ ਕੇਸਾਂ ਵਿੱਚ ਫੈਸਲਾ ਲੈਣ ਵਿੱਚ ਦੇਰੀ ਕਰ ਰਹੇ ਹਨ। ਤੇਲੰਗਾਨਾ ਦੀ ਕਾਂਗਰਸ ਦੇ 18 ਵਿੱਚੋਂ 12 ਵਿਧਾਇਕ ਤੇਲੰਗਾਨਾ ਰਾਸ਼ਟਰ ਸਮਿਤੀ ਵਿੱਚ ਸ਼ਾਮਲ ਹੋ ਗਏ ਅਤੇ ਉਨ੍ਹਾਂ 'ਚੋਂ ਦੋ ਨੂੰ ਮੰਤਰੀ ਬਣਾ ਦਿੱਤਾ ਗਿਆ ਕਿਉਂਕਿ ਸਪੀਕਰ ਨੇ ਉਨ੍ਹਾਂ ਦੇ ਦਲ ਬਦਲੀ ਦੇ ਕੇਸਾਂ ਵਿੱਚ ਫੈਸਲੇ ਵਿੱਚ ਦੇਰੀ ਕੀਤੀ ਸੀ। ਦਲ ਬਦਲੀ ਦੀ ਰਾਜਨੀਤੀ ਵਿੱਚ ਮੰਤਰੀ ਅਹੁਦਿਆਂ ਦੀ ਵੰਡ ਇੱਕ ਸੌਖਾ ਕੰਮ ਹੈ। ਇਸੇ ਤਰ੍ਹਾਂ 2014-19 ਵਿਚਾਲੇ ਵਾਈ ਐਸ ਆਰ ਕਾਂਗਰਸ ਦੇ 23 ਵਿਧਾਇਕ ਤੇਲਗੂ ਦੇਸਮ ਪਾਰਟੀ ਵਿੱਚ ਸ਼ਾਮਲ ਹੋਏ, ਪਰ ਉਨ੍ਹਾਂ 'ਚੋਂ ਕਿਸੇ ਨੂੰ ਵੀ ਅਯੋਗ ਨਹੀਂ ਸੀ ਐਲਾਨਿਆ ਗਿਆ ਅਤੇ ਇਸ ਦੇ ਕਾਰਨ ਭ੍ਰਿਸ਼ਟਾਚਾਰ ਉੱਤੇ ਪਾਬੰਦੀ ਲਾਉਣ ਦੀ ਬਜਾਏ ਭ੍ਰਿਸ਼ਟਾਚਾਰ ਵਧ ਜਾਂਦਾ ਹੈ।

ਅਸਲ 'ਚ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਦੀ ਖਰੀਦੋ-ਫਰੋਖਤ ਲਈ ਸਾਰੇ ਸਿਆਸੀ ਦਲ ਹੀ ਦੋਸ਼ੀ ਹਨ। ਮਿਸਾਲ ਵਜੋਂ ਭਗੌੜਾ ਵਿਜੇ ਮਾਲਿਆ ਭਾਜਪਾ, ਕਾਂਗਰਸ, ਜਨਤਾ ਦਲ (ਐੱਸ) ਸਭ ਦਾ ਚਹੇਤਾ ਰਿਹਾ ਤੇ ਇਨ੍ਹਾਂ ਸਾਰਿਆਂ ਨੇ ਉਸ ਨੂੰ ਕਰਨਾਟਕ ਤੋਂ ਰਾਜ ਸਭਾ ਦਾ ਆਜ਼ਾਦ ਮੈਂਬਰ ਬਣਾਇਆ ਸੀ। 2002 ਵਿੱਚ ਕਾਂਗਰਸ ਅਤੇ ਜਨਤਾ ਦਲ (ਐੱਸ) ਨੇ ਅਤੇ 2010 ਵਿੱਚ ਭਾਜਪਾ ਤੇ ਜਨਤਾ ਦਲ (ਐੱਸ) ਨੇ ਉਸ ਦਾ ਸਮਰਥਨ ਕੀਤਾ। ਸਵਾਲ ਉਠਦਾ ਹੈ ਕਿ ਕੀ ਦਲ ਬਦਲੀ ਇੱਕ ਸੰਵਿਧਾਨਕ ਪਾਪ ਹੈ? ਸਾਲ 2017 ਵਿੱਚ ਉਤਰਾਖੰਡ ਦੇ ਮੁੱਖ ਮੰਤਰੀ ਰਾਵਤ ਦੇ ਕੇਸ ਵਿੱਚ ਸੁਪਰੀਮ ਕੋਰਟ ਨੇ ਇਹੀ ਟਿੱਪਣੀ ਕੀਤੀ ਸੀ ਕਿ ਅਪਵਿੱਤਰ ਧੋਖਾਦੇਹੀ ਨੂੰ ਰਲੇਵੇਂ ਜਾਂ ਵੱਡੀ ਪੱਧਰ ਉੱਤੇ ਦਲ ਬਦਲੀ ਦਾ ਨਾਂਅ ਦਿੱਤਾ ਜਾ ਰਿਹਾ ਹੈ ਅਤੇ ਇਨ੍ਹਾਂ ਮੈਂਬਰਾਂ ਨੂੰ ਸੰਵਿਧਾਨਕ ਤੌਰ 'ਤੇ ਸਵੀਕਾਰ ਕੀਤਾ ਜਾਂਦਾ ਹੈ ਅਤੇ ਇਸ ਦਾ ਵਿਚਾਰਧਾਰਾ, ਨੈਤਿਕਤਾ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ।

ਸੰਵਿਧਾਨ 'ਚ ਦਲ ਬਦਲੀ ਦੀ ਮਨਾਹੀ ਹੈ, ਪਰ ਸਿਆਸੀ ਮਜਬੂਰੀਆਂ, ਸਹੂਲਤ ਅਤੇ ਮੌਕਾਪ੍ਰਸਤੀ ਦੀ ਰਾਜਨੀਤੀ ਕਾਰਨ ਦਲ ਬਦਲੀ ਹੁੰਦੀ ਹੈ। ਅਜਿਹੇ ਵਿਧਾਇਕਾਂ ਨੂੰ ਧਮਕੀ ਦਿੱਤੀ ਜਾਂਦੀ ਹੈ, ਧਨ ਨਾਲ ਲੁਭਾਇਆ ਜਾਂਦਾ ਜਾਂ ਬਾਹੂਬਲ ਨਾਲ ਡਰਾਇਆ ਜਾਂਦਾ ਹੈ। ਕੱਲ੍ਹ ਤੱਕ ਅਜਿਹੀਆਂ ਗੱਲਾਂ ਚੋਣਾਂ ਤੋਂ ਪਹਿਲਾਂ ਦਿਖਾਈ ਦਿੰਦੀਆਂ ਸਨ, ਅੱਜ ਇਹ ਗੰਢ ਤੁੱਪ ਦੀ ਸਿਆਸੀ ਰਣਨੀਤੀ ਬਣ ਗਈ ਹੈ। ਸਪੀਕਰ ਵੀ ਸਿਆਸੀ ਵਿਚਾਰਧਾਰਾ ਦੇ ਸ਼ਿਕਾਰ ਹੋ ਰਹੇ ਹਨ, ਜਿਸ ਕਾਰਨ ਉਨ੍ਹਾਂ ਦੇ ਸੰਵਿਧਾਨਕ ਅਹੁਦੇ ਨੂੰ ਸੇਕ ਪਹੁੰਚ ਰਿਹਾ ਹੈ। ਸਪੀਕਰ ਦੀ ਪਾਰਟੀ ਦੇ ਹਿੱਤ ਵਿਰੁੱਧ ਸ਼ਿਕਾਇਤਾਂ 'ਤੇ ਕਾਰਵਾਈ ਨਹੀਂ ਹੁੰਦੀ ਜਾਂ ਉਨ੍ਹਾਂ ਦੀ ਸੁਣਵਾਈ ਦੀ ਦੇਰ ਕੀਤੀ ਜਾਂਦੀ ਹੈ। ਦਲ ਬਦਲੀ ਰੋਕੂ ਕਾਨੂੰਨ 'ਚ ਸਪੀਕਰ ਵੱਲੋਂ ਦੇਰੀ ਜਾਂ ਕਾਰਵਾਈ ਨਾ ਕਰਨ ਦੇ ਸੰਬੰਧ ਵਿੱਚ ਕੋਈ ਵਿਵਸਥਾ ਨਹੀਂ ਅਤੇ ਦਲ ਬਦਲੀ ਦੀ ਸਜ਼ਾ ਉਦੋਂ ਮਿਲਦੀ ਹੈ, ਜਦੋਂ ਦਲ ਬਦਲੀ ਕਰਨ ਵਾਲਾ ਵਿਧਾਇਕ ਸਰਕਾਰ ਨੂੰ ਅਸਥਿਰ ਕਰ ਦਿੰਦਾ ਹੈ।

ਇਸ ਨਾਲ ਸਵਾਲ ਉਠਦਾ ਹੈ ਕਿ ਕੀ ਇਹ ਕਾਨੂੰਨ ਅਨੁਸਾਰ ਦਲ ਬਦਲੀ ਇੱਕ ਜਾਣਬੁੱਝ ਕੇ ਕੀਤੀ ਜਾਣ ਵਾਲੀ ਸਾਜ਼ਿਸ ਹੈ, ਜਿਸ ਕਾਰਨ ਹੇਰਾਫੇਰੀ ਰਾਹੀਂ ਦਲ ਬਦਲੀ ਕਰਵਾਈ ਜਾਂਦੀ ਹੈ। ਅਦਾਲਤ ਉਦੋਂ ਦਖਲ ਦੇ ਸਕਦੀ ਹੈ, ਜਦੋਂ ਸਪੀਕਰ ਆਪਣਾ ਫੈਸਲਾ ਦਿੰਦਾ ਹੈ। ਅਨੇਕ ਕੇਸਾਂ ਵਿੱਚ ਅਦਾਲਤ ਨੇ ਦਲ ਬਦਲੀ ਦੀਆਂ ਪਟੀਸ਼ਨਾਂ 'ਤੇ ਬਹੁਤ ਜ਼ਿਆਦਾ ਦੇਰੀ ਹੋਣ 'ਤੇ ਚਿੰਤਾ ਜ਼ਾਹਿਰ ਕੀਤੀ ਅਤੇ ਅਜਿਹੀਆਂ ਪਟੀਸ਼ਨਾਂ ਦਾ ਫੈਸਲਾ ਸਦਨ ਦੇ ਕਾਰਜਕਾਲ ਦੇ ਅਖੀਰ 'ਚ ਕੀਤਾ ਜਾਂਦਾ ਹੈ, ਇਸ ਲਈ ਅਜਿਹੇ ਵਾਤਾਵਰਣ ਵਿੱਚ, ਜਿੱਥੇ ਸਿਆਸੀ ਦਲਾਂ ਦੀ ਗਿਣਤੀ ਦਿਨੋ ਦਿਨ ਵਧਦੀ ਜਾ ਰਹੀ ਹੈ, ਵੰਡ ਅਤੇ ਦਲ ਬਦਲੀ ਨਿਯਮ ਬਣ ਗਿਆ ਹੈ ਅਤੇ ਜਿਸ ਕਾਰਨ ਵਿਧਾਇਕਾਂ ਨੂੰ ਖਰੀਦਣਾ ਚੋਣਾਂ ਲੜਨ ਨਾਲੋਂ ਵੱਧ ਆਸਾਨ ਹੋ ਗਿਆ ਹੈ ਤੇ ਅਜਿਹਾ ਵਿਕਾਊ ਵਿਧਾਇਕ ਉਸ ਪਾਰਟੀ 'ਚ ਸ਼ਾਮਲ ਹੋ ਜਾਂਦਾ ਹੈ, ਜੋ ਉਸ ਨੂੰ ਸਭ ਤੋਂ ਵੱਧ ਕੀਮਤ ਦਿੰਦੀ ਹੈ ਅਤੇ ਇਸ ਕੰਮ ਵਿੱਚ ਉਹ ਕਿੰਗਮੇਕਰ ਬਣ ਜਾਂਦਾ ਹੈ।

ਸਮਾਂ ਆ ਗਿਆ ਹੈ ਕਿ ਦਲ ਬਦਲੀ ਕਾਨੂੰਨ ਵਿੱਚ ਖਾਮੀਆਂ ਨੂੰ ਦੂਰ ਕੀਤਾ ਜਾਵੇ ਕਿਉਂਕਿ ਇਸ ਨਾਲ ਲੋਕਤੰਤਰ ਦੀ ਨੀਂਹ ਪ੍ਰਭਾਵਤ ਹੋ ਰਹੀ ਹੈ ਤੇ ਇਸ ਪਾਸੇ ਪਹਿਲਾ ਕਦਮ ਕਿਸੇ ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਦੇ ਅਸਤੀਫੇ ਬਾਰੇ ਫੈਸਲਾ ਕਰਨ ਦੀ ਸਪੀਕਰ ਲਈ ਸਮਾਂ ਹੱਦ ਮਿਥੀ ਜਾਵੇ। 10ਵੀਂ ਸੂਚੀ 'ਚ ਸੋਧ ਕੀਤੀ ਜਾਵੇ ਅਤੇ ਇਹ ਸਪੱਸ਼ਟ ਕੀਤਾ ਜਾਵੇ ਕਿ ਵੰਡ ਮੂਲ ਪਾਰਟੀ ਵਿੱਚ ਹੋਵੇਗੀ ਜਾਂ ਵਿਧਾਇਕ ਦਲ 'ਚ। ਪਾਰਟੀ ਸੰਗਠਨ 'ਚ ਵੰਡ ਦੀ ਸ਼ਰਤ ਇੱਕ ਨਿਵਾਰਕ ਉਪਾਅ ਦੇ ਰੂਪ ਵਿੱਚ ਕੰਮ ਕਰ ਸਕਦੀ ਹੈ। ਜੇ ਕੋਈ ਉਮੀਦਵਾਰ ਚੋਣਾਂ ਤੋਂ ਪਹਿਲਾਂ ਆਪਣੀ ਪਾਰਟੀ ਛੱਡ ਦਿੰਦਾ ਹੈ ਅਤੇ ਦੂਜੀ ਪਾਰਟੀ 'ਚ ਸ਼ਾਮਲ ਹੋ ਜਾਂਦਾ ਹੈ ਤਾਂ ਕੀ ਚੁਣੇ ਜਾਣ 'ਤੇ ਉਹ ਅਯੋਗ ਐਲਾਨਿਆ ਜਾ ਸਕਦਾ ਹੈ?

ਕਾਨੂੰਨ 'ਚ ਦਲ ਬਦਲੀ 'ਤੇ ਰੋਕ ਨਹੀਂ ਹੈ, ਪਰ ਦਲ ਬਦਲੀ ਕਰਨ 'ਤੇ ਵਿਧਾਇਕ ਅਯੋਗ ਹੋ ਜਾਂਦਾ ਹੈ। ਅਜਿਹੇ ਵਿਧਾਇਕਾਂ ਨੂੰ 10 ਸਾਲਾਂ ਲਈ ਚੋਣ ਲੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਕਿਉਂਕਿ ਦਲ ਬਦਲੀ ਨਾਲ ਲੋਕ ਫਤਵਾ ਖਰਾਬ ਹੁੰਦਾ ਹੈ। ਅੱਜ ਜੇ ਕਿਸੇ ਦਲ ਬਦਲੂ ਨੂੰ ਮੰਤਰੀ ਜਾਂ ਲਾਹੇਵੰਦ ਅਹੁਦਾ ਨਹੀਂ ਮਿਲਦਾ ਤਾਂ ਉਸ ਨੂੰ ਨਕਦ ਜਾਂ ਹੋਰ ਇਨਾਮ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਆਜ਼ਾਦ ਵਿਧਾਇਕ ਦਲ ਬਦਲੀ ਰੋਕੂ ਕਾਨੂੰਨ ਦੇ ਘੇਰੇ 'ਚੋਂ ਬਾਹਰ ਹੈ।

ਇਹ ਸੱਚ ਹੈ ਕਿ ਕੇਂਦਰ ਵਿੱਚ ਜ਼ਿਆਦਾ ਆਜ਼ਾਦ ਪਾਰਲੀਮੈਂਟ ਮੈਂਬਰ ਨਹੀਂ ਹਨ ਅਤੇ ਨਾ ਉਹ ਸੱਤਾ ਸੰਤੁਲਨ ਨੂੰ ਪ੍ਰਭਾਵਤ ਕਰ ਸਕਦੇ ਹਨ, ਪਰ ਰਾਜਾਂ ਵਿੱਚ ਅਨੇਕ ਬਾਗੀ ਵਿਧਾਇਕ ਆਜ਼ਾਦ ਉਮੀਦਵਾਰ ਚੋਣ ਜਿੱਤਦੇ ਅਤੇ ਅਨੇਕਾਂ ਖੇਤਰੀ ਪਾਰਟੀਆਂ ਦੇ ਕਾਰਨ ਘੱਟਗਿਣਤੀ ਅਤੇ ਬਹੁਮਤ ਦਾ ਫਰਕ ਬਹੁਤ ਘੱਟ ਰਹਿ ਗਿਆ ਹੈ, ਇਸ ਲਈ ਸਰਕਾਰ ਬਣਾਉਣ 'ਚ ਆਜ਼ਾਦ ਵਿਧਾਇਕਾਂ ਦੀ ਭੂਮਿਕਾ ਫੈਸਲਾਕੁੰਨ ਹੋ ਜਾਂਦੀ ਹੈ। ਇਸ ਲਈ ਇਸ 'ਤੇ ਵੀ ਪਾਬੰਦੀ ਲਾਈ ਜਾਣੀ ਚਾਹੀਦੀ ਹੈ ਕਿ ਜੇ ਉਹ ਚੁਣੇ ਜਾਣ ਤੋਂ ਬਾਅਦ ਕਿਸੇ ਪਾਰਟੀ ਨਾਲ ਗਠਜੋੜ ਕਰਦਾ ਹੈ ਅਤੇ ਜੇ ਬਾਅਦ 'ਚ ਉਹ ਪਾਲਾ ਬਦਲ ਲੈਂਦਾ ਹੈ ਤਾਂ ਇਹ ਲੋਕ ਫਤਵੇ ਦੇ ਵਿਰੁੱਧ ਹੈ।

ਪਾਰਟੀ ਬਦਲਣਾ ਰਾਜਨੀਤੀ ਦਾ ਹਿੱਸਾ ਹੈ, ਪਰ ਸਿਧਾਂਤ ਅਤੇ ਸਿਧਾਂਤ-ਰਹਿਤ ਰਾਜਨੀਤੀ ਦਾ ਫਰਕ ਕਰਨਾ ਹੀ ਪਵੇਗਾ। ਮੌਜੂਦਾ ਕਾਨੂੰਨ ਦਲ ਬਦਲੀ ਅਤੇ ਧਨ ਬਲ ਜਾਂ ਅਹੁਦੇ ਦੇ ਲਾਲਚ ਦੇ ਪ੍ਰਭਾਵ ਨੂੰ ਘੱਟ ਕਰਨ 'ਚ ਅਸਫਲ ਰਿਹਾ ਹੈ, ਇਸ ਲਈ ਅਸੈਂਬਲੀ ਸੁਧਾਰ ਕੀਤੇ ਜਾਣੇ ਚਾਹੀਦੇ ਹਨ ਅਤੇ ਦਲ ਬਦਲੀ ਰੋਕੂ ਕਾਨੂੰਨ ਨੂੰ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ। ਇਹ ਇੱਕ ਸਿਆਸੀ ਸਮੱਸਿਆ ਦੇ ਹੱਲ ਲਈ ਕਾਨੂੰਨੀ ਹੱਲ ਲਾਗੂ ਕਰਨ ਦੇ ਬਰਾਬਰ ਹੋਵੇਗਾ। ਕੁੱਲ ਮਿਲਾ ਕੇ ਦਲ ਬਦਲੀ ਅਤੇ ਵੰਡ ਦੀ ਸਮੱਸਿਆ ਦਾ ਪ੍ਰਭਾਵੀ ਢੰਗ ਨਾਲ ਹੱਲ ਕੱਢਿਆ ਜਾਣਾ ਚਾਹੀਦਾ ਹੈ। ਵਿਸ਼ੇਸ਼ ਤੌਰ 'ਤੇ ਇਸ ਲਈ ਕਿ ਅਸੀਂ ਭਾਰਤੀ ਦਲ ਬਦਲੀ ਕਰਨ ਲਈ ਬਦਨਾਮ ਹਾਂ। ਗੱਦੀ ਅਤੇ ਗੱਦਾਰੀ ਨਾਲ ਨਾਲ ਨਹੀਂ ਚੱਲਣੀ ਚਾਹੀਦੀ। ਕੀ ਅਸੀਂ ਸਿਧਾਂਤਾਂ ਦੀ ਸਿਆਸਤ ਅਪਣਾਉਣ ਅਤੇ ਸਿਆਸੀ ਵੇਸ਼ਵਾ ਬਿਰਤੀ ਦੇ ਅੰਤ ਦੀ ਆਸ ਕਰ ਸਕਦੇ ਹਾਂ।

# ਬਾਬੇ ਕੀਤਾ ਸਟਿੰਗ ਅਪਰੇਸ਼ਨ

-ਹਰਜੀਤ ਦਿਓਲ, ਬਰੈਂਪਟਨ

ਇੱਕ ਸਮਾਗਮ ਵਿੱਚ ਬਾਬੇ ਦੀਆਂ ਸਿਫਤਾਂ ਦੇ ਪੁਲ ਬਨ੍ਹੇ ਜਾ ਰਹੇ ਸਨ। ਸਚਖੰਡ 'ਚ ਵਿਸ਼ਰਾਮ ਕਰ ਰਹੇ ਬਾਬਾ ਜੀ ਨੂੰ ਆਪਣੀਆਂ ਬਹੁਤੀਆਂ ਸਿਫਤਾਂ ਭਾਵੇਂ ਅਕਾਊ ਲੱਗ ਰਹੀਆਂ ਸਨ ਪਰ ਜਦ ਇੱਕ ਵਿਦਵਾਨ ਲੇਖਕ ਨੂੰ ਇਹ ਕਹਿੰਦਿਆਂ ਸੁਣਿਆ ਪਈ ਜੇਕਰ ਅੱਜ ਬਾਬਾ ਜੀ ਹੋਣ ਤਾਂ ਆਪਣੇ ਆਪ ਨੂੰ ਸਿੱਖ ਹੋਣ ਤੋਂ ਇਨਕਾਰੀ ਹੋ ਜਾਣ, ਤਾਂ ਬਾਬਾ ਜੀ ਦਾ ਮੱਥਾ ਠਣਕਿਆ। ਉਨ੍ਹਾਂ ਸੋਚਿਆ ਪਈ ਮੈਂ ਤਾਂ ਸਿੱਖ ਨੂੰ ਦੁਨਿਆਂ 'ਚ ਬੇਹਤਰੀਨ ਕਿਰਦਾਰ ਦਾ ਧਾਰਨੀ ਹੋਣ ਦਾ ਉਪਰਾਲਾ ਕਰਕੇ ਆਇਆ ਸਾਂ ਤੇ ਅੱਜ ਇਹ ਲੇਖਕ ਵਿਦਵਾਨ ਕੀ ਪਿਆ ਆਂਹਦਾ। 'ਚਲੋ ਅੱਜ ਸਟਿੰਗ ਅਪਰੇਸ਼ਨ ਕੀਤਾ ਜਾਏ' ਸੋਚ ਬਾਬਾ ਜੀ ਦੁਨਿਆਂ ਵੱਲ ਚਾਲੇ ਪਾਏ। 'ਵਿਦੇਸ਼ਾਂ 'ਚ ਮੇਰੇ ਸਿੱਖ ਵੱਡੀਆਂ ਮੱਲਾਂ ਪਏ ਮਾਰਦੇ ਨੇ' ਸੋਚ ਬਾਬੇ ਨੇ ਇੱਕ ਵਿਦੇਸ਼ੀ ਧਰਤੀ ਤੇ ਆਣ ਕਦਮ ਰੱਖਿਆ ਤੇ ਇੱਕ ਧਰਮ ਸਥਾਨ ਦਾ ਜਾਇਜਾ ਲੈਣ ਪਹੁੰਚੇ। ਕੁਦਰਤ ਦੀ ਮਾਰ ਕਿ ਇੱਥੇ ਅੱਜ ਇਲੈਕਸ਼ਨ ਹੋਣੀ ਸੀ 'ਤੇ ਦੋ ਪ੍ਰਬੰਧਕੀ ਧੜਿਆਂ ਵਿੱਚ ਠਣੀ ਸੀ। ਓਥੇ ਬਾਬੇ ਜੋ ਤਮਾਸ਼ਾ ਵੇਖਿਆ ਤਾਂ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਆਇਆ। ਘਸੁੱਨ ਮੁੱਕੀ ਅਤੇ ਪੱਗੋਲੱਥੀ ਵਿੱਚੋਂ ਕਿਸੇ ਤਰ੍ਹਾਂ ਬਚਕੇ ਬਾਬਾ ਬਾਹਰ ਆਇਆ ਤਾਂ ਆਪ ਮੁਹਾਰੇ ਮੂੰਹੋਂ ਨਿਕਲਿਆ 'ਨਹੀਂ ਇਹ ਮੇਰੇ ਸਿੱਖ ਨਹੀਂ ਹੋ ਸਕਦੇ'। ਸੁਣਿਆ ਸੀ ਪਈ ਇਹੋ ਜਿਹੀਆਂ ਕਰਤੂਤਾਂ ਪਿੱਛੇ ਆਰ ਐਸ ਐਸ ਦਾ ਹੱਥ ਹੁੰਦਾ ਹੈ ਸੋ ਅੱਗੇ ਚਾਲੇ ਪਾਏ। ਰੱਬ ਦੀ ਕਰਨੀ ਕਿ ਅੱਗੇ ਇੱਕ ਜਗ੍ਹਾ ਬੇਸ਼ਕੀਮਤੀ ਰੁਮਾਲੇ ਗਾਰਬੇਜ 'ਚ ਸੁੱਟੇ ਜਾ ਰਹੇ ਸਨ ਤਾਂ ਬਾਬੇ ਨੂੰ ਫਿਰ ਝਟਕਾ ਲੱਗਾ। ਬਾਬੇ ਤੋਂ ਰਿਹਾ ਨਾ ਗਿਆ ਤੇ ਕਹਿਣ ਲੱਗਾ ਕਿ ਗੁਰਮੁੱਖੋ ਇਹ ਕੀ ਕਰਦੇ ਹੋ। ਧਨ ਦੀ ਬਰਬਾਦੀ ਕਰਦੇ ਹੋ ਜਿਸ ਨਾਲ ਕਈ ਗਰੀਬਾਂ ਦਾ ਭਲਾ ਹੋ ਸਕਦਾ ਸੀ। ਤੇ ਧਰਮ ਗ੍ਰੰਥ ਨੂੰ ਮਹਿੰਗੇ ਰੁਮਾਲਿਆਂ ਨਾਲ ਢਕਣਾ ਤਾਂ ਸਰਾਸਰ ਪਖੰਡ ਹੈ। ਸੇਵਾਦਾਰਾਂ ਬਾਬੇ ਵੱਲ ਕੌੜੀਆਂ ਅੱਖਾਂ ਨਾਲ ਵੇਖਦਿਆਂ ਕਿਹਾ ' ਜਨਾਬ ਤੁਸਾਂ ਕਿਸ ਖੇਤ ਦੀ ਮੂਲੀ ਹੋ? ਇੱਥੇ ਇਵੇਂ ਹੀ ਚਲਦਾ ਹੈ, ਅੱਗੇ ਵੱਧੋ'। ਬਾਬੇ ਤੋਂ ਕਹਿ ਹੋ ਗਿਆ 'ਮੈ ਧਾਡਾ ਪਿਆਰਾ ਸਤਕਾਰਤ ਬਾਬਾ ਨਾਨਕ'। ਬਸ ਫੇਰ ਕੀ ਸੀ। ਸਾਰਿਆਂ ਇਹ ਕਹਿੰਦਿਆਂ ਬਾਬੇ 'ਤੇ ਹਮਲਾ ਕਰ ਦਿੱਤਾ ਕਿ ਇਹ ਸਾਧੂ ਬਾਬੇ ਨਾਨਕ ਦਾ ਸਾਂਗ ਕਰਦਾ ਹੈ, ਪਹਿਲਾਂ ਸਿਰਸੇ ਵਾਲੇ ਦਸਮ ਪਾਤਸ਼ਾਹ ਦਾ ਰੂਪ ਧਾਰਿਆ ਹੁਣ ਇਹ ਸਾਡੇ ਬਾਬੇ ਦਾ ਨਾਟਕ ਕਰਦਾ ਹੈ। ਸਿੱਖੀ ਨੂੰ ਢਾਅ ਲਾਉਂਦਾ ਹੈ। ਫੜੋ ਇਸ ਨੂੰ ਬਚ ਕੇ ਨਾ ਜਾਵੇ। ਬਾਬੇ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕਿਸੇ ਤਰ੍ਹਾਂ ਇੱਥੋਂ ਵੀ ਬਚ ਬਾਬੇ ਨੇ ਆਪਣੇ ਵਤਨ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵੱਲ ਚਾਲੇ ਪਾਏ। ਘੋਰ ਨਿਰਾਸ਼ਾ ਦੀ ਸੀਮਾਂ ਨਾ ਰਹੀ ਜਦ ਬਾਬੇ ਇੱਥੋਂ ਦਾ ਭੈੜਾ ਹਾਲ ਅੱਖੀਂ ਦੇਖਿਆ। ਦਰਅਸਲ ਬਾਬੇ ਨੇ ਸੱਚਾਈ ਜਾਨਣ ਲਈ ਇੱਕ ਆਮ ਗਰੀਬ ਆਦਮੀ ਦਾ ਭੇਸ ਧਾਰ ਆਪਣੇ ਕੰਮ ਕਰਾਉਣ ਲਈ ਕਈ ਸਰਕਾਰੀ ਦਫਤਰਾਂ ਦੇ ਗੇੜੇ ਲਾਏ ਜਿੱਥੇ ਸਿੱਖੀ ਸਰੂਪ ਵਿੱਚ ਅਫਸਰ ਤਾਇਨਾਤ ਸਨ। ਗਰੀਬ ਦੀ ਕਿਤੇ ਵੀ ਸੁਣਵਾਈ ਨਹੀਂ ਸੀ। ਰਿਸ਼ਵਤ ਤੋਂ ਬਿਨਾ ਕੋਈ ਕੰਮ ਨਹੀਂ ਸੀ ਹੁੰਦਾ। ਨਿਰਾਸ਼ ਬਾਬੇ ਨੇ ਸਚਖੰਡ ਵਾਪਸੀ ਹੀ ਬੇਹਤਰ ਸਮਝੀ ਜਦ ਇੱਕ ਦਿਨ ਉਸ ਗੁਰਦਵਾਰੇ ਦੇ ਗ੍ਰੰਥੀ ਵੱਲੋਂ ਨਾਬਾਲਗਾ ਨਾਲ ਬਲਾਤਕਾਰ ਦੀ ਖਬਰ ਸੁਣੀ। ਕਦੇ ਉਸ ਅਕਾਲ ਪੁਰਖ ਅੱਗੇ ਫਰਿਆਦ ਕੀਤੀ ਸੀ 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ'। ਸ਼ਾਇਦ ਹੁਣ ਕਹੇ ' ਏਤਾ ਕੁਫਰ ਤੁਲੇਂਦਾ ਇੱਥੇ ਤੈਂ ਕੋ ਫਿਕਰ ਨਾ ਪਾਇਆ'।

# ਕੌਮੀ ਅਣਖ ਲਈ ਮਰ ਮਿਟਣ ਵਾਲਾ ਸ਼ਹੀਦ ਊਧਮ ਸਿੰਘ

-ਪ੍ਰਿੰਸੀਪਲ ਪਾਖਰ ਸਿੰਘ



31 ਜੁਲਾਈ, 1940 ਨੂੰ ਭਾਰਤ ਦੇ ਮਹਾਨ ਸ਼ਹੀਦ ਊਧਮ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ ਸੀ। ਕੌਮੀ ਅਣਖ ਲਈ ਮਰ ਮਿਟਣ ਵਾਲੇ ਕਾਮਿਲ ਇਨਸਾਨ ਸ਼ਹੀਦ ਊਧਮ ਸਿੰਘ ਦਾ ਜਨਮ ਕੰਬੋਜ ਘਰਾਣੇ ਵਿੱਚ 26 ਦਿਸੰਬਰ,1889 ਈਸਵੀ ਨੂੰ ਰਿਆਸਤ ਪਟਿਆਲਾ ਦੇ ਇੱਕ ਨਗਰ ਸੁਨਾਮ ਵਿੱਚ ਹੋਇਆ।ਆਪ ਦੇ ਪਿਤਾ ਦਾ ਨਾਂ ਚੂਹੜ ਰਾਮ ਉਰਫ ਟਹਿਲ ਸਿੰਘ ਅਤੇ ਮਾਤਾ ਦਾ ਨਾਂ ਨਰਾਇਣੀ ਉਰਫ ਹਰਨਾਮ ਕੌਰ ਸੀ।ਆਪ ਬਚਪਨ ਵਿੱਚ ਹੀ ਯਤੀਮ ਹੋ ਗਏ ਸਨ ਤੇ ਆਪ ਨੂੰ ਸੈਂਟਰਲ ਯਤੀਮਖਾਨਾਂ ਅੰਮ੍ਰਿਤਸਰ ਵਿਖੇ ਦਾਖਲ ਕਰਵਾ ਦਿੱਤਾ ਗਿਆ ਸੀ।1917 ਵਿੱਚ ਆਪ ਨੇਂ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ ਸੀ।

13 ਅਪ੍ਰੈਲ,1919 ਦੇ ਮਨਹੂਸ ਦਿਹਾੜੇ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਖੇ ਜਲਸੇ ਵਿੱਚ ਜੁੜੇ ਲੋਕਾਂ ਉਤੇ ਗਵਰਨਰ ਮਾਈਕਲ ਸਰ ਉਡਵਾਇਰ ਦੇ ਹੁਕਮਾਂ ਅਨੁਸਾਰ ਜਨਰਲ ਡਾਇਰ ਵਲੋਂ ਅੰਨ੍ਹੇ ਵਾਹ ਗੋਲੀਆਂ ਚੱਲਣ ਨਾਲ ਲਗਭੱਗ ਦਸ ਹਜ਼ਾਰ ਦੇ ਕਰੀਬ ਨਿਰਦੋਸ਼ ਲੋਕ ਮਾਰੇ ਗਏ ਅਤੇ ਹਜਾਰਾਂ ਹੀ ਜਖਮੀਂ ਹੋ ਗਏ ਸਨ।ਇਹ ਸਾਕਾ ਵੇਖ ਕੇ ਊਧਮ ਸਿੰਘ ਦਾ ਮਨ ਵਲੂੰਧਰਿਆ ਗਿਆ ਤੇ ਉਸਨੇ ਇਸ ਕਤਲੋਗਾਰਤ ਦਾ ਬਦਲਾ ਲੈਣ ਲਈ ਮਨ ਵਿੱਚ ਪੱਕਾ ਇਰਾਦਾ ਕਰ ਲਿਆ।ਕਈ ਮੁਸੀਕਲਾਂ ਵਿੱਚੋਂ ਲੰਘਦਾ ਹੋਇਆ ਉਹ ਆਖਰ 1933 ਨੂੰ ਇੰਗਲੈਂਡ ਪਹੁੰਚ ਗਿਆ।ਮਾਰਚ 13,1940 ਜਦੋਂ ਉਡਵਾਇਰ ਇੱਕ ਜਲਸੇ ਵਿੱਚ ਖੜ੍ਹਾ ਮੇਜ ਤੇ ਹੱਥ ਮਾਰ ਮਾਰ ਕੇ ਕਹਿ ਰਿਹਾ ਸੀ ਕਿ 13 ਅਪ੍ਰੈਲ,1919 ਨੂੰ ਕਿਵੇਂ ਮੇਰੀ ਫੌਜ਼ ਨੇਂ ਜਲਸੇ ਵਿੱਚ ਹਿੰਦੋਸਤਾਨੀਂ ਕੁੱਤਿਆਂ ਨੂੰ ਗੋਲੀਆਂ ਨਾਲ ਭੁੰਨਿਆ ਸੀ ਤੇ ਫਿਰ ਹਿੰਦੁਸਤਾਨ ਵਿੱਚ ਆਜਾਦੀ ਦੀ ਲਹਿਰ ਨੂੰ ਕੁਚਲ ਸਕਦਾ ਹਾਂ।ਉਸ ਵੇਲੇ ਅਣਖੀ ਊਧਮ ਸਿੰਘ ਨੇਂ

ਪਾਪੀ ਉਡਵਾਇਰ ਨੂੰ ਮਾਰ ਮੁਕ-ਾਇਆ ਤੇ ਦੌੜਨ ਦੀ ਬਜਾਇ ਆਪਣੀ ਗ੍ਰਿਫਤਾਰੀ ਦੇ ਦਿੱਤੀ।ਆਪ ਨੂੰ ਬ੍ਰਿਸਟਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ।ਕੇਸ ਦੀ ਰਸਮੀਂ ਕਾਰਵਾਈ ਤੋਂ ਬਾਅਦ 31 ਜੁਲਾਈ,1940 ਨੂੰ ਊਧਮ ਸਿੰਘ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਉਸਨੇਂ ਆਪਣੇ ਕੇਸ ਦੀ ਪੈਰਵੀ ਲਈ ਵਕੀਲ ਲੈਣ ਤੋਂ ਨਾਂਹ ਕਰ ਦਿੱਤੀ ਸੀ। ਪੇਸ਼ ਹਨ ਬ੍ਰਿਸਟਲ ਜੇਲ੍ਹ ਤੋਂ ਊਧਮ ਸਿੰਘ ਦੀਆਂ ਚਿੱਠੀਆਂ,ਜਿਨ੍ਹਾਂ ਤੋਂ ਪ੍ਰਤੱਖ ਹੈ ਕਿ ਉਸ ਨੂੰ ਜਨਰਲ ਉਡਵਾਇਰ ਨੂੰ ਕਤਲ ਕਰਨ ਦਾ ਕੋਈ ਅਫਸੋਸ ਜਾਂ ਪਛਤਾਵਾ ਨਹੀਂ ਸੀ। ਉਸਨੂੰ ਪੁਸਤਕਾਂ ਪੜ੍ਹਨ ਦਾ ਬਹੁਤ ਸ਼ੌਂਕ ਸੀ।ਉਹ ਛੇਤੀ ਤੋਂ ਛੇਤੀ ਫਾਂਸੀ ਚੜ੍ਹਨਾਂ ਚਾਹੁੰਦਾ ਸੀ ਤੇ ਮੌਤ ਦੀ ਇੰਤਜ਼ਾਰ ਵਿੱਚ ਉਸਦਾ ਭਾਰ ਪੰਜ ਪੌਂਡ ਵੱਧ ਗਿਆ ਸੀ।

30 ਮਾਰਚ,1940 ਨੂੰ ਜੇਲ੍ਹ ਵਿੱਚੋਂ ਲਿਖੀ ਪਹਿਲੀ ਚਿੱਠੀ:

ਮੈਂ ਤੁਹਾਡੀਆਂ ਕਿਤਾਬਾਂ ਵਾਪਸ ਭੇਜ ਰਿਹਾ ਹਾਂ,ਤੁਹਾਡੀ ਮੇਹਰਬਾਨੀ।ਮੈਂ ਪਿਛਲੇ ਕਈ ਦਿਨ ਪੜ੍ਹ ਕੇ ਲੰਘਾਏ।ਤੁਸੀਂ ਮੇਰੇ ਤੇ ਮਿਹਰਬਾਨੀਂ ਕਰੋ ਕਿ ਕਿ ਇਹਨਾਂ ਦੇ ਮਿਲਣ ਤੇ ਮੈਨੂੰ ਕੁੱਝ ਹੋਰ ਭੇਜ ਦਿਉ।ਮੈਨੂੰ ਪਤਾ ਹੈ ਕਿ ਮੈਂ ਜੇਲ੍ਹ ਵਿੱਚ ਕਿਉਂ ਹਾਂ,ਕਿਉਂਕਿ ਇਹ ਜਗ੍ਹਾ ਮੈਨੂੰ ਬਹੁਤ ਅੱਛੀ ਲਗਦੀ ਹੈ।ਮੇਰਾ ਭਾਰ ਵੱਧ ਗਿਆ ਹੈ।ਜਿਸ ਦਿਨ ਦਾ ਮੈਂ ਸ਼ਾਹੀ ਖਾਨਦਾਨ ਦਾ ਮਹਿਮਾਨ ਹੋ ਕੇ ਆਇਆਂ ਹਾਂ,ਪੰਜ ਪੌਂਡ ਭਾਰ ਵਧਿਆ ਹੈ।ਮੈਨੂੰ ਕਿਸੇ ਚੀਜ਼ ਤੋਂ ਮੁਨਕਰ ਹੋਣ ਦੀ ਲੋੜ ਨਹੀਂ।ਮੈਂ ਜੰਮਿਆ ਹੀ ਮਰਨ ਲਈ ਹਾਂ ਅਤੇ ਜਰੂਰ ਮਰਨਾ ਹੈ। ਮੈਂ ਜਾਣਦਾ ਹਾਂ ਕਿ ਇੱਥੇ ਰਹਿੰਦੇ ਕਈ ਹਿੰਦੁਸਤਾਨੀਂ ਮੇਰੇ ਖਿਲਾਫ ਹਨ।ਮੈਂ ਤੁਹਾਨੂੰ ਗੱਲ ਦੱਸਾਂ ਮੈਨੂੰ ਨਹੀਂ ਪਤਾ ਕਿ ਕੌਣ ਮੇਰੀ ਖਾਤਰ ਸੋਲਿਸਟਰ ਵਕੀਲ ਦਾ ਝੰਜਟ ਕਰ ਰਿਹਾ ਹੈ। ਇਹ ਖਰਚ ਮੁਕੱਦਮਾਂ ਮੈਂ ਨਹੀਂ ਚਾਹੁੰਦਾ ਕਿ ਉਹਨਾਂ ਦਾ ਪੈਸਾ ਮੇਰੇ ਤੇ ਲੱਗੇ।ਜਦੋਂ ਕਿ ਮੈਨੂੰ ਕੁੱਝ ਵੀ ਹੋਵੇ ਮੈਨੂੰ ਚਿੰਤਾ ਨਹੀਂ। ਮੈਂ ਕਿਸੇ ਵੀ ਥਾਉਂ ਜਾਣ ਲਈ ਤਿਆਰ ਹਾਂ ਤਾਂ ਮੇਰੀ

ਖਾਤਰ ਲੋਕ ਕਿਉਂ ਕਸ਼ਟ ਕਰਦੇ ਹਨ।ਮੈਨੂੰ ਮੌਤ ਦਾ ਡਰ ਨਹੀਂ ਕਿਉਂਕਿ ਜਲਦੀ ਹੀ ਫਾਂਸੀ ਨਾਲ ਵਿਆਹ ਹੋਣਾ ਹੈ।ਮੈਨੂੰ ਕੋਈ ਅਫਸੋਸ ਨਹੀਂ ਕਿਉਂਕਿ ਮੈਂ ਦੇਸ਼ ਦਾ ਸਿਪਾਹੀ ਹਾਂ ਅਤੇ ਕੋਈ ਦਸ ਸਾਲ ਹੋਏ ਮੇਰਾ ਸੱਭ ਤੋਂ ਵਧੀਆ ਮਿੱਤਰ ਮੈਨੂੰ ਪਿੱਛੇ ਛੱਡ ਗਿਆ ਸੀ ਅਤੇ ਮੈਨੂੰ ਯਕੀਨ ਹੈ ਕਿ ਅਸੀਂ ਮੌਤ ਤੋਂ ਬਾਅਦ ਇੱਕ ਦੂਸਰੇ ਨੂੰ ਮਿਲਾਂਗੇ। ਉਹ ਮੈਨੂੰ ਉਡੀਕ ਰਿਹਾ ਹੈ।ਉਸ ਦਿਨ ਤੇਈ ਤਾਰੀਖ ਸੀ।ਮੈਨੂੰ ਆਸ ਹੈ ਕਿ ਮੈਨੂੰ ਵੀ ਇਸੇ ਤਾਰੀਖ ਨੂੰ ਫਾਂਸੀ ਦੇਣਗੇ ਜਿਸ ਤਾਰੀਖ ਨੂੰ ਉਸ ਨੂੰ ਦਿੱਤੀ ਸੀ।ਸੋ ਜੇ ਤੁਹਾਨੂੰ ਪਤਾ ਲੱਗੇ ਕਿ ਮੇਰੀ ਮਦਦ ਕਰਨ ਵਾਲੇ ਕੌਣ ਹਨ,ਬਰਾਏ ਮਿਹਰਬਾਨੀ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਦੇਣਾਂ।ਮੈਨੂੰ ਖੁਸ਼ੀ ਹੋਵੇਗੀ ਜੇ ਉਹ ਕਾਤਲ ਦੀ ਮਦਦ ਕਰਨ ਦੀ ਥਾਂ ਵਿੱਦਿਆ ਤੇ ਪੈਸਾ ਖਰਚਣ। ਸੱਭ ਨੂੰ ਪ੍ਰਣਾਮ।ਮਿਹਰਬਾਨੀ ਕਰਕੇ ਜਲਦੀ ਕਿਤਾਬਾਂ ਭੇਜਣੀਆਂ ਜੇ ਤੁਹਾਡੇ ਪਾਸ ਵਕਤ ਹੋਵੇ।ਬੱਸ ਕਰਦਾ ਹਾਂ। (ਪ੍ਰਾਰਥਣਾਂ ਪੁਸਤਕ) ਤੁਹਾਡਾ ਸ਼ੁੱਭ ਚਿੰਤਕ ਰਾਮ ਮੁਹੰਮਦ ਸਿੰਘ ਆਜ਼ਾਦ।

ਦੂਜੀ ਚਿੱਠੀ ਜੋ ਬਰਿਕਸਟਨ ਜੇਲ੍ਹ ਤੋਂ ਮਾਰਚ 1940 ਵਿੱਚ ਪ੍ਰਧਾਨ ਗੁਰਦ-ਵਾਰਾ ਸਿੰਘ ਸਭਾ ਸਿਨਕਲੇਅਰ ਰੋਡ, ਸ਼ੈਫਰਡਜ਼ ਬੁਸ਼ ਲੰਡਨ ਨੂੰ ਲਿਖੀ:

ਮਿੱਤਰੋ ਮੈਨੂੰ ਅਫਸੋਸ ਹੈ ਕਿ ਮੈਂ ਤੁਹਾਡਾ ਪੂਰਾ ਨਾਂਉਂ ਨਹੀਂ ਜਾਣਦਾ।ਕੀ ਤੂਸੀਂ ਕ੍ਰਿਪਾ ਕਰਕੇ ਮੇਰੇ ਤੇ ਮੇਹਰਬਾਨੀ ਕਰੋਗੇ ਕਿ ਮੈਨੂੰ ਕੁੱਝ ਕਿਤਾਬਾਂ ਭੇਜ ਦਿਉ ਤਾਂ ਜੋ ਮੈਂ ਆਪਣੇ ਆਪ ਵਿੱਚ ਰੁਝਿਆ ਰਹਾਂ।ਮੇਰੇ ਲਈ ਪੜ੍ਹਨ ਵਾਸਤੇ ਵਕਤ ਬਹੁਤ ਹੈ ਅਤੇ ਮੇਰੀ ਜਗ੍ਹਾ ਅੱਛੀ ਹੈ ਪਰ ਮੈਨੂੰ ਇਸ ਤੋਂ ਵੱਡੇ ਕਿਲੇ ਵਿੱਚ ਜਾਣ ਦੀ ਆਸ ਹੈ।ਜੇ ਤੁਹਾਡੇ ਕੋਲ ਉਰਦੂ ਜਾਂ ਗੁਰਬਾਣੀ ਦੀਆਂ ਕਿਤਾਬਾ ਹਨ ਤੇ ਭੇਜਣ ਦੀ ਵੇਹਲ ਹੈ ਤਾਂ ਮੇਹਰਬਾਨੀ ਕਰਕੇ ਮੈਨੂੰ ਕਿਤਾਬਾ ਡਾਕ ਰਾਹੀਂ ਜੇਲ੍ਹ ਭੇਜ ਦਿਉ।ਪਰ ਮੈਂ ਤੁਹਾਨੂੰ ਇੱਕ ਗੱਲ ਦੱਸ ਦਿਆਂ ਕਿ ਮੈਨੂੰ ਧਾਰਮਿਕ ਕਿਤਾਬਾਂ ਨਹੀਂ ਚਾਹੀਦੀਆਂ।ਸੋ ਤੁਸੀਂ ਆਪਣੀਂ ਮਰਜੀ ਕਰਨੀਂ।ਮੈਨੂੰ ਪੱਕਾ ਯਕੀਨ ਹੈ ਕਿ ਮੈਂ ਸ ਬ ਮੋਹਨ ਸਿੰਘ ਤੋਂ ਕਿਤਾਬਾਂ ਮੰਗਵਾ ਸਕਦਾ ਸੀ ਪਰ ਉਹ ਮੁੜ ਗਿਆ ਹੈ ਅਤੇ ਮੈਂ ਤੁਹਾਨੂੰ ਜਾਣਦਾ ਨਹੀਂ ਹਾਂ ਜੋ ਤੁਸੀਂ ਗੁਰਦ-ਵਾਰੇ ਦੇ ਚਾਰਜਦਾਰ ਹੋ-ਬੱਸ ਇੰਨੀ ਗੱਲ ਹੈ।ਮੈਂ ਕੈਦੀ ਹਾਂ ਤੇ ਬਰਿਕਸਟਨ ਜੇਲ੍ਹ ਤੋਂ ਲਿਖ ਰਿਹਾ ਹਾਂ।ਮੇਰੇ ਤੇ ਕਈ ਅੰਗ

ਰਖਸ਼ਕ ਹਨ ਅਤੇ ਮੇਰੀ ਚੰਗੀ ਦੇਖਭਾਲ ਹੁੰਦੀ ਹੈ।ਮੇਰੀ ਆਸ ਤੇ ਖਾਹਸ਼ ਹੈ ਕਿ ਜਦ ਤੁਸੀਂ ਸਾਰੇ ਬੁੱਢੇ ਹੋਵੋਗੇ,ਤਾਂ ਮੈਂ ਦੋਬਾਰਾ ਪੈਦਾ ਹੋਵਾਗਾਂ।ਮੇਰੇ ਖਿਲਾਫ ਐਸਾ ਮੁਕੱਦਮਾਂ ਹੈ ਜਿਸ ਦੀ ਮੇਂ ਕਈ ਸਾਲਾਂ ਤੋਂ ਉਡੀਕ ਕੀਤੀ ਹੈ।ਮੈਂ ਤੁਹਾਨੂੰ ਹਿੰਦੁਸਤਾਨੀਂ ਵਿੱਚ ਚਿੱਠੀ ਨਹੀਂ ਲਿਖੀ।ਤੁਸੀਂ ਸਮਝ ਜਾਉਗੇ ਮੈਨੂੰ ਕਿਸ ਕਿਸਮ ਦੀ ਕਿਤਾਬ ਚਾਹੀਦੀ ਹੈ।ਕੋਈ

ਇਤਿਹਾਸ ਬਾਰੇ ਕਿਤਾਬ ਜਾਂ ਹਿੰਦੋਸਤਾਨੀ ਅਖਬਾਰ। ਮੈਂ ਤੂਹਾਨੂੰ ਇੱਕ ਗੱਲ ਹੋਰ ਦੱਸਾਂ ਮੇਰੇ ਤੇ ਖਰਚੇ ਬਾਰੇ ਤੁਸੀਂ ਖੇਚਲ ਨਹੀਂ ਕਰਨੀਂ।ਮੈਨੂੰ ਬਹੁਤੀ ਪਰਵਾਹ ਨਹੀਂ ਹੈ। ਪਰ ਜੇ ਤੁਸੀਂ ਕਿਤਾਬਾਂ ਭੇਜੀਆਂ ਤਾਂ ਮੈਂ ਇਸ ਗੱਲ ਦੀ ਕਦਰ ਕਰਾਗਾਂ ਤੇ ਤੁਹਾਡੀ ਖੇਚਲ ਕਰਕੇ ਧੰਨਵਾਦੀ ਹੋਵਾਗਾਂ। ਸੋ ਸੱਭ ਨੂੰ ਨਮਸਕਾਰ

। ਤੁਹਾਡਾ ਸ਼ੁਭ ਚਿੰਤਕ, ਰਾਮ ਮੁਹੰਮਦ ਸਿੰਘ ਆਜ਼ਾਦ ।









### ਪੰਜਾਬ ਮੰਤਰੀ ਮੰਡਲ ਦੀ ਬੈਠਕ

# ਜ਼ਮੀਨਾਂ ਪਟੇ ਉੱਤੇ ਦੇਣ ਦਾ ਮਾਮਲਾ ਕੈਬਨਿਟ ਸਬ ਕਮੇਟੀ ਹਵਾਲੇ



ਚੰਡੀਗੜ੍ਹ, 31 ਜੁਲਾਈ (ਪੋਸਟ ਬਿਊਰੋ)- ਪੰਜਾਬ ਮੰਤਰੀ ਮੰਡਲ ਨੇ ਪੰਜਾਬ ਲੈਂਡ ਲੀਜ਼ਿੰਗ ਐਂਡ ਟੈਨੈਂਸੀ ਬਿੱਲ ਦੇ ਪੱਖਾਂ ਦਾ ਜਾਇਜ਼ਾ ਲੈਣ ਲਈ ਕੈਬਨਿਟ ਸਬ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੇ ਐਲਾਨ ਮੁਤਾਬਕ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਇਸ ਕਮੇਟੀ ਦੇ ਮੁਖੀ ਹੋਣਗੇ, ਸਮਾਜਿਕ ਸੁਰੱਖਿਆ ਮੰਤਰੀ ਅਰੁਣਾ ਚੌਧਰੀ ਤੇ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੂੰ ਮੈਂਬਰ ਬਣਾਇਆ ਗਿਆ ਹੈ। ਸਰਕਾਰ ਨੇ ਪੰਜਾਬ ਖੇਡ ਯੂਨੀਵਰਸਿਟੀ, ਆਬਕਾਰੀ ਐਕਟ ਵਿੱਚ ਸੋਧ ਅਤੇ ਅਨਾਜ ਦੀ ਖਰੀਦ ਵਿੱਚ ਪਾਰਦਰਸ਼ਤਾ ਲਿਆਉਣ ਲਈ ਬਿੱਲਾਂ ਦੇ ਖਰੜਿਆਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਟੈਨੈਂਸੀ ਬਿੱਲ ਦਾ ਉਦੇਸ਼ ਸੂਬੇ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਨੂੰ ਪਟੇ ਉਤੇ ਦੇਣ ਦੇ ਮਾਮਲੇ ਵਿੱਚ ਸੁਧਾਰ ਲਈ ਮੌਜੂਦ ਛੇ ਕਿਰਾਏਦਾਰੀ ਕਾਨੂੰਨਾਂ ਨੂੰ ਖਤਮ ਕਰਨਾ ਹੈ। ਭੌਂਅ ਪਟੇ ਉਤੇ ਦੇਣ ਦੇ ਇਸ ਕਾਨੂੰਨ ਵਿੱਚ ਪਾਰਦਰਸ਼ਤਾ ਦਾ ਮੁੱਖ ਮੰਤਵ ਜ਼ਮੀਨ ਮਾਲਕਾਂ ਨੂੰ ਆਪਣੀ ਜ਼ਮੀਨ ਖੁੱਸਣ ਦੇ ਡਰ ਤੋਂ ਬਿਨਾਂ ਲਿਖਤੀ ਪਟਾ, ਇਕਰਾਰਨਾਮਾ ਕਰਨ ਲਈ ਆਧਾਰ ਪੇਸ਼ ਕਰਵਾਉਣ ਤੋਂ ਇਲਾਵਾ ਕਾਸ਼ਤਕਾਰਾਂ (ਜ਼ਮੀਨ ਪਟੇ ਉਤੇ ਲੈਣ ਵਾਲਿਆਂ) ਨੂੰ ਜ਼ਮੀਨ ਸੰਵਾਰਨ ਵਾਸਤੇ ਲੰਮੇ ਸਮੇਂ ਲਈ ਨਿਵੇਸ਼ ਕਰਨ, ਕਰਜ਼ੇ ਅਤੇ ਸਬਸਿਡੀ ਲਈ ਸਹੂਲਤ ਦੇਣਾ ਸ਼ਾਮਲ ਹੈ। ਪੰਜਾਬ ਵਿੱਚ ਬੀਤੇ ਸਮੇਂ ਵਿੱਚ ਜ਼ਮੀਨਾਂ ਪਟੇ 'ਤੇ ਲੈਣ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ, ਪਰ ਜ਼ਮੀਨ ਠੇਕੇ 'ਤੇ ਦੇਣ ਦਾ ਕੰਮ ਜ਼ਿਆਦਾਤਰ ਜ਼ੁਬਾਨੀ ਕਲਾਮੀ ਹੁੰਦਾ ਹੈ। ਪਟੇ 'ਤੇ ਲੈਣ ਵਾਲੇ ਨੂੰ ਕਾਨੂੰਨੀ ਤੌਰ 'ਤੇ ਸੁਰੱਖਿਅਤ ਨਾ ਹੋਣ ਕਾਰਨ ਸ਼ੋਸ਼ਣ ਦਾ ਖਤਰਾ ਰਹਿੰਦਾ ਹੈ ਤੇ ਕੁਦਰਤੀ ਆਫਤ ਨਾਲ ਫਸਲ ਦਾ ਨੁਕਸਾਨ ਹੋਣ ਉਤੇ ਵੀ ਮੁਆਵਜ਼ਾ ਉਸ ਨੂੰ ਨਹੀਂ ਮਿਲਦਾ।

ਇਸ ਦੇ ਨਾਲ ਮੁੱਖ ਮੰਤਰੀ ਨੇ ਪੰਜਾਬ ਕਿਸਾਨ ਨੀਤੀ ਦੇ ਖਰੜੇ ਦਾ ਵਿਸਥਾਰਤ ਅਧਿਐਨ ਕਰਨ ਲਈ ਇਸ ਨੂੰ ਕੈਬਨਿਟ ਸਬ ਕਮੇਟੀ ਨੂੰ ਸੌਂਪਣ ਦਾ ਫੈਸਲਾ ਕੀਤਾ ਹੈ। ਸਰਕਾਰ ਵਜ਼ਾਰਤ ਨੇ ਅਨਾਜ ਦੀ ਖਰੀਦ ਵਿੱਚ ਪਾਰਦਰਸ਼ਤਾ ਲਈ 'ਦਿ ਪੰਜਾਬ ਟਰਾਂਸਪੇਰੈਂਸੀ ਇਨ ਪਬਲਿਕ ਪ੍ਰੋਕਿਓਰਮੈਂਟ ਐਕਟ 2019' ਦੇ ਖਰੜੇ ਨੂੰ ਵੀ ਪ੍ਰਵਾਨ ਕਰ ਲਿਆ ਹੈ ਅਤੇ ਨੇ ਪੰਜਾਬ ਖੇਡ ਯੂਨੀਵਰਸਿਟੀ ਅਤੇ ਆਬਕਾਰੀ ਐਕਟ ਵਿੱਚ ਸੋਧ ਦੇ ਖਰੜੇ ਨੂੰ ਹਰੀ ਝੰਡੀ ਵਿਖਾ ਦਿੱਤੀ। ਸਰਕਾਰ ਨੇ ਸਿਹਤ ਸੇਵਾਵਾਂ ਅਧੀਨ ਪਸ਼ੂ ਹਸਪਤਾਲਾਂ ਦੇ 561 ਵੈਟਰਨਰੀ ਫਰਮਾਸਿਸਟਾਂ ਤੇ 531 ਸਫਾਈ ਸੇਵਕਾਂ ਦੀਆਂ ਸੇਵਾਵਾਂ ਅਗਲੇ ਸਾਲ 31 ਮਾਰਚ ਤੱਕ ਜਾਰੀ ਰੱਖਣ 'ਤੇ ਵੀ ਮੋਹਰ ਲਾਈ ਅਤੇ ਚਿੜੀਆਘਰਾਂ ਦੀ ਐਂਟਰੀ ਟਿਕਟਾਂ ਦੀ ਆਮਦਨ ਅਤੇ ਹੋਰ ਵਸੀਲਿਆਂ ਤੋਂ ਹੋਈ ਆਮਦਨ ਨੂੰ ਪੰਜਾਬ ਚਿੜੀਆਘਰ ਵਿਕਾਸ ਸੁਸਾਇਟੀ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਦੀ ਪੁਰਾਣੀ ਪ੍ਰਣਾਲੀ ਨੂੰ ਅਮਲ ਵਿੱਚ ਲਿਆਉਣ ਦਾ ਫੈਸਲਾ ਕੀਤਾ ਹੈ।

# ਬੇਅਦਬੀ ਕੇਸਾਂ ਦੇ ਦੋਸ਼ੀ ਡੇਰੇਦਾਰਾਂ ਨੂੰ ਸੁਖਬੀਰ ਵੱਲੋਂ ਬੇਗੁਨਾਹ ਦੱਸਣ ਤੋਂ ਸਾਰੇ ਹੈਰਾਨ



ਚੰਡੀਗੜ੍ਹ, 31 ਜੁਲਾਈ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਵਿੱਚ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਵੱਲੋਂ ਦੋਸ਼ੀ ਪਾਏ ਗਏ ਡੇਰਾ ਪ੍ਰੇਮੀਆਂ ਨੂੰ ਕਲੀਨ ਚਿੱਟ ਦੇਣ ਦਾ ਸਮਰਥਨ ਕਰਨ ਅਤੇ ਉਨ੍ਹਾਂ ਨੂੰ ਨਿਰਦੋਸ਼ ਦੱਸ ਕੇ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਨੂੰ ਗਲਤ ਕਹਿੰਦਿਆਂ ਪੰਜਾਬ ਸਰਕਾਰ 'ਤੇ ਇਹ ਜਾਂਚ ਚੋਣਾਂ ਜਿੱਤਣ ਦੇ ਮੰਤਵ ਨਾਲ ਕਰਵਾਏ ਜਾਣ ਦੇ ਦੋਸ਼ ਲਾਉਣ ਨੇ ਸਿੱਖਾਂ ਨੂੰ ਹੱਕਾ ਬੱਕਾ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਉਕਤ ਜਾਂਚ ਟੀਮ ਨੇ ਜੂਨ 2018 ਦੌਰਾਨ ਜਦੋਂ ਉਕਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਸੀ ਤਾਂ ਉਸ ਮੌਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਇਹ ਕਹਿ ਕੇ ਆਪਣੀ ਪਿੱਠ ਥਾਪੜਦੇ ਹੋਏ ਕਿਹਾ ਸੀ ਕਿ ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਬੇਨਕਾਬ ਕਰਨ ਵਾਲੀ ਵਿਸ਼ੇਸ਼ ਜਾਂਚ ਟੀਮ ਉਨ੍ਹਾਂ ਦੀ ਅਕਾਲੀ ਭਾਜਪਾ ਸਰਕਾਰ ਨੇ ਬਣਾਈ ਸੀ ਅਤੇ ਫਿਰ ਸੀ ਬੀ ਆਈ ਵੱਲੋਂ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਦੇਣ ਪਿੱਛੋਂ ਅਕਾਲੀ ਦਲ ਦੀ ਕੋਰ ਕਮੇਟੀ ਨੇ ਹੰਗਾਮੀ ਮੀਟਿੰਗ ਕਰਕੇ ਸੀ ਬੀ ਆਈ ਦੀ ਕਾਰਵਾਈ ਦਾ ਤਿੱਖਾ ਵਿਰੋਧ ਕਰਦਿਆਂ ਇਹ ਮਾਮਲਾ ਕੇਂਦਰ ਸਰਕਾਰ ਕੋਲ ਉਠਾਉਣ ਤੇ ਅਦਾਲਤੀ ਚਾਰਾਜੋਈ ਕਰਨ ਦਾ ਐਲਾਨ ਕੀਤਾ ਸੀ। ਪਰਸੋਂ ਅਚਾਨਕ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਨੂੰ ਠੀਕ ਦੱਸਣ ਤੇ ਵਿਸ਼ੇਸ਼ ਟੀਮ ਦੀ ਜਾਂਚ ਨੂੰ ਸਿਆਸੀ ਰੰਗ ਦੇਣ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਅਸਲ ਵਿੱਚ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਦੇ ਨਾਲ ਗੁਰੂਸਰ ਭਗਤਾ ਅਤੇ ਮੱਲਕੇ ਵਿਖੇ ਵੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿੰਡਾਉਣ ਅਤੇ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ ਤੇ ਉਨ੍ਹਾਂ ਬਾਰੇ ਖੱਟੜਾ ਦੀ ਵਿਸ਼ੇਸ਼ ਜਾਂਚ ਟੀਮ ਨੇ ਹੀ ਦੋਸ਼ੀ ਫੜੇ ਸਨ। ਇਹ ਸਾਰੀਆਂ ਘਟਨਾਵਾਂ ਕੋਈ 20 ਕਿਲੋਮੀਟਰ ਦੇ ਖੇਤਰ ਵਿੱਚ ਹੋਈਆਂ ਸਨ ਤੇ ਇਨ੍ਹਾਂ ਦੇ ਸਾਜ਼ਿਸ਼ੀਏ ਵੀ ਇਕੋ ਡੇਰੇ ਨਾਲ ਸਬੰਧਤ ਦੱਸੇ ਗਏ ਸਨ। ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਦੀਆਂ ਘਟਨਾਵਾਂ ਲਈ ਮਹਿੰਦਰਪਾਲ ਬਿੱਟੂ ਨੇ ਜਿਵੇਂ ਅਦਾਲਤ ਵਿੱਚ ਇਕਬਾਲੀਆ ਬਿਆਨ ਦਿੱਤਾ, ਉਸੇ ਤਰ੍ਹਾਂ ਮੱਲਕੇ ਤੇ ਗੁਰੂਸਰ ਭਗਤਾ ਦੀਆਂ ਘਟਨਾਵਾਂ ਲਈ ਫੜੇ ਗਏ ਦੋਸ਼ੀਆਂ ਨੇ ਅਦਾਲਤ ਵਿੱਚ ਇਕਬਾਲੀਆ ਬਿਆਨ ਦਿੱਤੇ ਸਨ ਤੇ ਉਨ੍ਹਾਂ ਦੋਵਾਂ ਘਟਨਾਵਾਂ ਦਾ ਚਲਾਨ ਪੇਸ਼ ਹੋਣ ਮਗਰੋਂ ਅਦਾਲਤ ਨੇ ਦੋਸ਼ ਵੀ ਆਇਦ ਕਰ ਦਿੱਤੇ ਸਨ, ਕਿਉਂਕਿ ਉਹ ਕੇਸ ਸੀ ਬੀ ਆਈ ਨੂੰ ਨਹੀਂ ਦਿੱਤੇ ਗਏ ਸਨ। ਸੀ ਬੀ ਆਈ ਨੂੰ ਦਿੱਤੇ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਦੇ ਕੇਸਾਂ ਵਿੱਚ ਉਸੇ ਜਾਂਚ ਟੀਮ ਵੱਲੋ ਕੀਤੀ ਕਾਰਵਾਈ, ਜਿਸ ਲਈ ਜਾਂਚ ਟੀਮ ਵੱਲੋਂ ਲੋੜੀਂਦੇ ਸਬੂਤਾਂ ਵਜੋਂ ਘਟਨਾਵਾਂ 'ਚ ਵਰਤੇ ਮੋਟਰ ਸਾਈਕਲ, ਕਾਰ ਤੇ ਕਈ ਹੋਰ ਸਾਜੋ ਸਾਮਾਨ ਕਾਬੂ ਕਰਨ ਦੇ ਨਾਲ ਦੋਸ਼ੀ ਵੱਲੋਂ ਅਦਾਲਤ ਵਿੱਚ ਦਿੱਤੇ ਇਕਬਾਲੀਆ ਬਿਆਨ ਨੂੰ ਸੀ ਬੀ ਆਈ ਨੇ ਕਿਉਂ ਅਤੇ ਕਿਵੇਂ ਰੱਦ ਕਰ ਦਿੱਤਾ, ਉਸ 'ਤੇ ਕਿੰਤੂ ਪ੍ਰੰਤੂ ਕਰਨ ਦੀ ਥਾਂ ਅਕਾਲੀ ਦਲ ਦੇ ਪ੍ਰਧਾਨ ਅਚਾਨਕ ਖੁੱਲ੍ਹ ਕੇ ਡੇਰੇ ਦੇ ਸਮਰਥਨ 'ਚ ਕਿਉਂ ਆ ਗਏ, ਇਹ ਸਾਰਿਆਂ ਲਈ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਇਸੇ ਦੌਰਾਨ ਕੱਲ੍ਹ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਥੋਂ ਜਾਰੀ ਬਿਆਨ ਵਿੱਚ ਕਿਹਾ ਕਿ ਸੁਖਬੀਰ ਸਿੰਘ ਬਾਦਲ ਡੇਰਾ ਪ੍ਰੇਮੀਆਂ ਦੀ ਬੋਲੀ ਬੋਲ ਰਹੇ ਹਨ ਤੇ ਉਨ੍ਹਾਂ ਨੂੰ ਡੇਰਾ ਪ੍ਰੇਮੀਆਂ ਦਾ ਹੇਜ ਜਤਾਉਣ ਦੀ ਥਾਂ ਬੇਅਦਬੀ ਦੇ ਦੋਸ਼ੀਆਂ ਤੇ ਨਿਰਦੋਸ਼ ਸਿੱਖਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਡੇਰਾ ਪ੍ਰੇਮੀਆਂ ਦੇ ਹੱਕ ਵਿੱਚ ਇਸ ਤਰ੍ਹਾਂ ਬੋਲ ਰਹੇ ਹਨ, ਜਿਵੇਂ ਉਹ ਡੇਰਾ ਪ੍ਰੇਮੀ ਹੋਣ ਜਾਂ ਅਕਾਲੀ ਦਲ ਦਾ ਡੇਰੇ ਨਾਲ ਗੱਠਜੋੜ ਹੋਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪ੍ਰਧਾਨ ਸੀ ਬੀ ਆਈ ਕਲੋਜ਼ਰ ਰਿਪੋਰਟ ਦਾ ਵਿਰੋਧ ਦਾ ਡਰਾਮਾ ਕਰਨ ਪਿੱਛੋਂ ਡੇਰਾ ਪ੍ਰੇਮੀਆਂ ਦੇ ਹੱਕ ਵਿੱਚ ਬੋਲ ਕੇ ਨਵਾਂ ਡਰਾਮਾ ਕਰ ਰਿਹਾ ਹੈ।

## ਮੁੱਖ ਮੰਤਰੀ ਨੇ ਕ੍ਰਿਸ਼ਨ ਕੁਮਾਰ ਦੀ ਪਿੱਠ ਥਾਪੜੀ

ਚੰਡੀਗੜ੍ਹ, 31 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਆਨਲਾਈਨ ਟੀਚਰ ਤਬਾਦਲਾ ਪਾਲਿਸੀ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਪਿੱਠ ਥਾਪੜ ਕੇ ਸਰਕਾਰ ਦੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਆਨਲਾਈਨ ਤਬਾਦਲਾ ਪਾਲਿਸੀ ਬਣਾਉਣ ਦੇ ਹੁਕਮ ਦਿੱਤੇ ਹਨ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਭਰੋਸੇ ਯੋਗ ਅਤੇ ਨਜ਼ਦੀਕੀ ਅਧਿਕਾਰੀ ਕ੍ਰਿਸ਼ਨ ਕੁਮਾਰ ਆਈ ਏ ਐਸ ਇਕ ਮਿਸ਼ਨਰੀ, ਇਮਾਨਦਾਰ ਅਤੇ ਨਿਡਰ ਅਧਿਕਾਰੀ ਮੰਨੇ ਜਾਂਦੇ ਹਨ। ਰਿਕਾਰਡ ਮੁਤਾਬਕ ਉਹ ਜਿਥੇ ਵੀ ਰਹੇ, ਉਨ੍ਹਾਂ ਨੇ ਸਿਸਟਮ 'ਚ ਸੁਧਾਰਾਂ ਦੇ ਉਹ ਰਾਹ ਕੱਢੇ ਕਿ ਹਰ ਕੋਈ ਉਨ੍ਹਾਂ ਦੀ ਮਿਸਾਲ ਦਿੰਦਾ ਹੈ। ਉਹ ਇਕ ਅਜਿਹੇ ਅਧਿਕਾਰੀ ਹਨ, ਜੋ ਫੀਲਡ ਵਿੱਚ ਖੁਦ ਜਾ ਕੇ ਸਿਸਟਮ 'ਚ ਸੁਧਾਰ ਨੂੰ ਪਹਿਲ ਦਿੰਦੇ ਹਨ ਅਤੇ ਹਫਤੇ 'ਚ ਦੋ ਦਿਨ ਕਿਸੇ ਨਾ ਕਿਸੇ ਜ਼ਿਲੇ ਦੇ ਸਰਕਾਰੀ ਸਕੂਲ ਵਿੱਚ ਚੁੱਪਚਾਪ ਜਾ ਕੇ ਬੱਚਿਆਂ ਦੀ ਪੜ੍ਹਾਈ ਅਤੇ ਸਕੂਲਾਂ ਦੀ ਹਾਲਤ ਖੁਦ ਚੈਕ ਕਰਦੇ ਹਨ। ਮੁੱਖ ਮੰਤਰੀ ਨੇ ਕ੍ਰਿਸ਼ਨ ਕੁਮਾਰ ਨੂੰ ਸੂਬੇ ਵਿੱਚ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਪੱਧਰ ਉਚਾ ਚੁੱਕਣ ਦਾ ਅਹਿਮ ਕਾਰਜ ਦਿੱਤਾ ਹੋਇਆ ਹੈ। ਖੁਦ ਮੁੱਖ ਮੰਤਰੀ ਚਾਹੁੰਦੇ ਸਨ ਕਿ ਅਧਿਆਪਕ ਬਦਲੀਆਂ ਲਈ ਪਾਰਦਰਸ਼ੀ, ਮੈਰਿਟ ਅਤੇ ਅਧਿਆਪਕਾਂ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਆਨਲਾਈਨ ਸਿਸਟਮ ਬਣਾਇਆ ਜਾਵੇ, ਕਿਉਂਕਿ ਸਰਕਾਰ ਟੀਚਰਾਂ ਦੀਆਂ ਬਦਲੀਆਂ ਵਿੱਚ ਹੀ ਉਲਝੀ ਰਹਿੰਦੀ ਹੈ। ਇਸ ਵਿੱਚ ਭ੍ਰਿਸ਼ਟਾਚਾਰ ਦੇ ਕੇਸ ਵੀ ਸੁਣੇ ਜਾਂਦੇ ਹਨ। ਕੱਲ੍ਹ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਨਵੇਂ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਤੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਆਪਣੀ ਰਿਹਾਇਸ਼ ਉੱਤੇ ਬੁਲਾ ਕੇ ਨਵੀਂ ਆਨਲਾਈਨ ਤਬਾਦਲਾ ਪਾਲਿਸੀ ਲਾਗੂ ਕਰਨ ਲਈ ਥਾਪੜਾ ਦਿੱਤਾ ਅਤੇ ਸਿੱਖਿਆ ਸੁਧਾਰਾਂ ਲਈ ਮਜ਼ਬੂਤ ਟੀਮ ਵਜੋਂ ਕੰਮ ਕਰਕੇ ਨਤੀਜੇ ਦੇਣ ਲਈ ਕਿਹਾ।

# ਅਕਾਲੀ-ਭਾਜਪਾ ਗਰੁੱਪ ਨੇ ਮਜੀਠੀਆ ਦੀ ਅਗਵਾਈ ਹੇਠ ਸਪੀਕਰ ਨੂੰ ਮੰਗ ਪੱਤਰ ਦਿੱਤਾ



ਚੰਡੀਗੜ੍ਹ, 31 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਦੋ ਅਗਸਤ ਤੋਂ ਸ਼ੁਰੂ ਹੋ ਰਹੇ ਵਿਧਾਨ ਸਭਾ ਇਜਲਾਸ ਨੂੰ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਸਿਰਫ ਇੱਕ ਦਿਖਾਵਾ ਬਣਾ ਦਿੱਤਾ ਗਿਆ ਕਿਹਾ ਹੈ, ਕਿਉਂਕਿ ਸਿਰਫ ਦੋ ਦਿਨ ਦਾ ਸੈਸ਼ਨ ਰੱਖ ਕੇ ਸਰਕਾਰ ਗੰਭੀਰ ਚਰਚਾ ਦੀ ਲੋੜ ਵਾਲੇ ਮਸਲਿਆਂ, ਅਮਨ ਕਾਨੂੰਨ ਤੇ ਕਿਸਾਨਾਂ ਦੀ ਮੰਦੀ ਹਾਲਤ, ਵਧਦੀ ਬੇਰੋਜ਼ਗਾਰੀ, ਗੈਰ ਕਾਨੂੰਨੀ ਮਾਈਨਿੰਗ ਤੇ ਸਾਰੇ ਖਪਤਕਾਰਾਂ ਲਈ ਬਿਜਲੀ ਦੀਆਂ ਦਰਾਂ ਵਿੱਚ ਕੀਤਾ ਭਾਰੀ ਵਾਧਾ ਆਦਿ ਬਾਰੇ ਚਰਚਾ ਕਰਨ ਤੋਂ ਇੱਕ ਤਰ੍ਹਾਂ ਨਾਲ ਭੱਜ ਰਹੀ ਹੈ।

ਕੱਲ੍ਹ ਇਥੇ ਅਕਾਲੀ ਦਲ ਅਤੇ ਭਾਜਪਾ ਦੇ ਸਾਂਝੇ ਵਫਦ ਨੇ ਸਪੀਕਰ ਨੂੰ ਇੱਕ ਮੰਗ ਪੱਤਰ ਦੇ ਕੇ ਪੰਜਾਬ ਦੇ ਹਿੱਤਾਂ ਖਾਤਰ ਸੈਸ਼ਨ ਦਾ ਸਮਾਂ ਵਧਾਉਣ ਲਈ ਪਹਿਲਕਦਮੀ ਕਰਨ ਦੀ ਅਪੀਲ ਕੀਤੀ ਤਾਂ ਕਿ ਭਖਦੇ ਮੁੱਦਿਆਂ ਉੱਤੇ ਖੁੱਲ੍ਹ ਕੇ ਚਰਚਾ ਕੀਤੀ ਜਾ ਸਕੇ। ਇਸ ਵਫਦ ਨੇ ਕਿਹਾ ਕਿ ਸੈਸ਼ਨ ਦੀਆਂ ਮਸਾਂ ਦੋ ਬੈਠਕਾਂ ਰੱਖਣਾ ਸਿਰਫ ਇੱਕ ਸੰਵਿਧਾਨਕ ਰਸਮ ਪੂਰਾ ਕਰਨਾ ਹੋਵੇਗਾ। ਅਕਾਲੀ-ਭਾਜਪਾ ਸਾਂਝੇ ਵਫਦ ਦੀ ਸਪੀਕਰ ਨਾਲ ਗੱਲਬਾਤ ਦੇ ਵੇਰਵੇ ਜਾਰੀ ਕਰਦਿਆਂ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਸਪੀਕਰ ਨੂੰ ਵਿਧਾਨ ਸਭਾ ਦੇ ਇੰਨੇ ਛੋਟੇ ਸੈਸ਼ਨ ਰੱਖਣ ਦੇ ਨੁਕਸਾਨ ਬਾਰੇ ਦੱਸਿਆ ਗਿਆ ਹੈ ਕਿ ਜੇ ਲੋਕਾਂ ਨਾਲ ਜੁੜੇ ਮੁੱਦਿਆਂ 'ਤੇ ਚਰਚਾ ਨਹੀਂ ਹੁੰਦੀ ਤਾਂ ਇਸ ਦਾ ਕੋਈ ਲਾਭ ਨਹੀਂ ਹੋਵੇਗਾ। ਮਜੀਠੀਆ ਨੇ ਕਿਹਾ ਕਿ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਤੋਂ ਇਸ ਮੁੱਦੇ 'ਤੇ ਸਾਥ ਦੇਣ ਦੀ ਬਹੁਤ ਥੋੜ੍ਹੀ ਆਸ ਸੀ, ਪਰ ਉਹ ਕਾਂਗਰਸ ਨਾਲ ਰਲੇ ਹੋਏ ਤੇ ਸੱਤਾਧਾਰੀ ਪਾਰਟੀ ਦੀ ਬੀ ਟੀਮ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਨੂੰ ਆਸ ਸੀ ਕਿ ਆਮ ਆਦਮੀ ਪਾਰਟੀ ਦੇ ਉਨ੍ਹਾਂ ਵਿਧਾਇਕਾਂ ਦਾ ਸਪੀਕਰ ਕੋਈ ਫੈਸਲਾ ਲੈਣਗੇ, ਜਿਹੜੇ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੇ ਹਨ, ਉਂਜ ਉਨ੍ਹਾਂ ਦੇ ਬਾਕੀ ਬਚਦੇ ਵਿਧਾਇਕ ਵੀ ਅੰਦਰਖਾਤੇ ਕਾਂਗਰਸ ਨਾਲ ਮਿਲੇ ਹੋਏ ਹਨ।

## ਪੈਸੇ ਨਾ ਮੋੜੇ ਤਾਂ ਅਦਾਲਤੀ ਹੁਕਮ ਹੇਠ ਪਲਾਜ਼ਾ ਵੇਚਿਆ ਜਾਵੇਗਾ

ਗੁਰਦਾਸਪੁਰ, 31 ਜੁਲਾਈ (ਪੋਸਟ ਬਿਊਰੋ)- ਗੁਰਦਾਸਪੁਰ-ਅੰਮ੍ਰਿਤਸਰ ਨੈਸ਼ਨਲ ਹਾਈਵੇ ਉਤੇ ਕੱਥੂਨੰਗਲ ਨੇੜਲੇ ਟੋਲ ਪਲਾਜ਼ਾ ਦੇ ਮਾਲਕਾਂ ਨੂੰ ਅਦਾਲਤ ਨੇ ਕਿਸਾਨਾਂ ਦੇ 55 ਤੋਂ 60 ਲੱਖ ਰੁਪਏ ਬਕਾਇਆ ਤਿੰਨ ਅਗਸਤ ਅਦਾ ਨਾ ਕਰਨ ਦੀ ਸੂਰਤ ਵਿੱਚ ਟੋਲ ਪਲਾਜ਼ਾ ਦੀ ਕਮਾਈ ਅਟੈਚ ਕਰਕੇ ਅਤੇ ਟੋਲ ਪਲਾਜ਼ਾ ਦੀ ਨਿਲਾਮੀ ਕਰਵਾ ਕੇ ਪੈਸੇ ਵਸੂਲ ਕਰਨ ਦੀ ਹਦਾਇਤ ਜਾਰੀ ਕੀਤੀ ਹੈ। ਅਦਾਲਤੀ ਹਦਾਇਤਾਂ ਦੀ ਕਾਪੀ ਟੋਲ ਪਲਾਜ਼ਾ ਉੱਤੇ ਲਾਈ ਗਈ ਹੈ। ਇਹ ਸਾਰੀ ਕਾਰਵਾਈ ਗੁਰਦਾ-ਸਪੁਰ ਦੀ ਜ਼ਿਲਾ ਅਦਾਲਤ ਦੇ ਹੁਕਮਾਂ 'ਤੇ ਕੀਤੀ ਗਈ ਹੈ। ਜ਼ਿਲਾ ਅਦਾਲਤ ਨੇ ਇਹ ਹੁਕਮ ਕੁਝ ਪੀੜਤ ਕਿਸਾਨਾਂ ਦੇ ਮੁਕੱਦਮੇ ਦੀ ਸੁਣਵਾਈ ਮਗਰੋਂ ਜਾਰੀ ਕੀਤੇ ਹਨ।

ਵਰਨਣ ਯੋਗ ਹੈ ਕਿ ਕਿਸਾਨਾਂ ਨੇ ਅਦਾਲਤ ਵਿੱਚ ਗੁਹਾਰ ਲਾਈ ਸੀ ਕਿ ਨੈਸ਼ਨਲ ਹਾਈਵੇ ਅਥਾਰਟੀ ਨੇ ਕਰੀਬ 27 ਸਾਲ ਪਹਿਲਾਂ ਉਨ੍ਹਾਂ ਦੀ ਜ਼ਮੀਨ ਐਕਵਾਇਰ ਕੀਤੀ ਸੀ ਅਤੇ ਉਸ ਉਤੇ ਅੰਮ੍ਰਿਤਸਰ-ਪਠਾਨਕੋਟ ਹਾਈਵੇ ਉਸਾਰੀ ਵੀ ਕਰ ਦਿੱਤੀ, ਪਰ ਇੰਨੇ ਸਾਲ ਬੀਤਣ ਪਿੱਛੋਂ ਵੀ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਕੀਮਤ ਨਹੀਂ ਦਿੱਤੀ ਗਈ। ਕਿਸਾਨਾਂ ਦੀ ਫਰਿਆਦ ਉੱਤੇ ਜ਼ਿਲਾ ਅਦਾਲਤ ਨੇ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ ਉਤੇ ਕੱਥੂਨੰਗਲ ਨੇੜਲੇ ਟੋਲ ਪਲਾਜ਼ਾ ਦੀ ਇਮਾਰਤ ਨੂੰ ਅਟੈਚ ਕਰਵਾ ਕੇ ਇਮ-ਾਰਤ ਉੱਤੇ ਨੋਟਿਸ ਲਗਵਾ ਦਿੱਤਾ ਹੈ। ਅਦਾਲਤੀ ਹਦਾਇਤ ਮੁਤਾਬਕ ਜੇ ਟੋਲ ਪਲਾਜ਼ਾ ਪ੍ਰਬੰਧਕਾਂ ਨੇ ਤਿੰਨ ਅਗਸਤ ਤੱਕ ਕਿਸਾਨਾਂ ਨੂੰ ਉਨ੍ਹਾਂ ਦੀ ਰਕਮ ਸਣੇ ਵਿਆਜ ਨਾ ਮੋੜੀ ਤਾਂ ਅਦਾਲਤ ਇਸ ਟੋਲ ਪਲਾਜ਼ਾ ਦੀ ਕਮਾਈ ਅਟੈਚ ਕਰ ਲਵੇਗੀ ਤੇ ਬਾਕਾਇਦਾ ਮੁਨਾਦੀ ਕਰਾ ਕੇ ਟੋਲ ਪਲਾਜ਼ਾ ਨਿਲਾਮ ਕਰਾ ਕੇ ਵਸੂਲ ਹੋਏ ਪੈਸੇ ਵਿੱਚੋਂ ਕਿਸਾਨਾਂ ਨੂੰ ਅਦਾਇਗੀ ਕੀਤੀ ਜਾਵੇਗੀ। ਕਿਸਾਨਾਂ ਦਾ ਟੋਲ ਪ੍ਰਬੰਧਕਾਂ ਵੱਲ 55 ਤੋਂ 60 ਲੱਖ ਰੁਪਏ ਬਕਾਇਆ ਦੱਸਿਆ ਜਾ ਰਿਹਾ ਹੈ।

## ਤਿੰਨ ਹਜ਼ਾਰ ਦੀ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਵੱਲੋਂ ਕਾਬੂ

ਟਾਂਡਾ, 31 ਜੁਲਾਈ (ਪੋਸਟ ਬਿਊਰੋ)- ਕੱਲ੍ਹ ਸਬ ਤਹਿਸੀਲ ਟਾਂਡਾ ਵਿੱਚ ਜਹੂਰਾ ਦੇ ਸੇਵਾਮੁਕਤ ਇੰਸਪੈਕਟਰ ਤੋਂ ਜ਼ਮੀਨ ਦਾ ਇੰਤਕਾਲ ਕਰਨ ਬਦਲੇ ਤਿੰਨ ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਇਕ ਪਟਵਾਰੀ ਨੂੰ ਵਿਜੀਲੈਂਸ ਵਿਭਾਗ ਦੀ ਟੀਮ ਨੇ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਟੀਮ ਨੇ ਇਹ ਸਾਰੀ ਕਾਰਵਾਈ ਸ਼ਿਕਾਇਤ ਕਰਤਾ ਸੇਵਾ ਮੁਕਤ ਇੰਸਪੈਕਟਰ ਤਰਸੇਮ ਸਿੰਘ ਨਿਵਾਸੀ ਜਹੂਰਾ ਦੀ ਸ਼ਿਕਾਇਤ 'ਤੇ ਕੀਤੀ ਹੈ। ਇਸ ਦੋਸ਼ ਵਿੱਚ ਪਟਵਾਰੀ ਸਤਵਿੰਦਰ ਸਿੰਘ ਨੂੰ ਵਿਜੀਲੈਂਸ ਟੀਮ ਨੇ ਡੀ ਐਸ ਪੀ ਦਲਵੀਰ ਸਿੰਘ ਦੀ ਅਗਵਾਈ ਵਿੱਚ ਕਾਬੂ ਕੀਤਾ ਹੈ।

ਡੀ ਐਸ ਪੀ ਦਲਵੀਰ ਸਿੰਘ ਨੇ ਦੱਸਿਆ ਕਿ ਉਸ ਪਟਵਾਰੀ ਦੇ ਖਿਲਾਫ ਤਰਸੇਮ ਸਿੰਘ ਨੇ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਦੇ ਆਧਾਰ ਉਤੇ ਟ੍ਰੈਪ ਲਾਇਆ ਸੀ। ਕੱਲ੍ਹ ਜਦੋਂ ਪਟਵਾਰੀ ਨੇ ਤਰਸੇਮ ਸਿੰਘ ਕੋਲੋਂ ਰੰਗ ਲੱਗੇ 3000 ਦੀ ਰਿਸ਼ਵਤ ਫੜ ਕੇ ਜੇਬ ਵਿੱਚ ਪਾ ਲਏ ਤਾਂ ਟੀਮ ਨੇ ਉਸ ਨੂੰ ਦਬੋਚ ਲਿਆ। ਸਰਕਾਰੀ ਗਵਾਹ ਦੀ ਹਾਜ਼ਰੀ ਵਿੱਚ ਵਿਜੀਲੈਂਸ ਟੀਮ ਪਟਵਾਰੀ ਨੂੰ ਆਪਣੇ ਨਾਲ ਲੈ ਗਈ। ਡੀ ਐਸ ਪੀ ਨੇ ਦੱਸਿਆ ਕਿ ਥਾਣਾ ਜਲੰਧਰ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਅਧੀਨ ਕੇਸ ਦਰਜ ਕਰਕੇ ਪਟਵਾਰੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਸੇਵਾ ਮੁਕਤ ਇੰਸਪੈਕਟਰ ਤਰਸੇਮ ਸਿੰਘ ਨੇ ਦੱਸਿਆ ਕਿ ਪਟਵਾਰੀ ਜ਼ਮੀਨ ਦਾ ਇੰਤਕਾਲ ਕਰਾਉਣ ਲਈ ਪੰਜ ਹਜ਼ਾਰ ਰੁਪਏ ਮੰਗ ਰਿਹਾ ਸੀ, ਜਿਸ ਤੋਂ ਉਹ ਪ੍ਰੇਸ਼ਾਨ ਸੀ ਅਤੇ ਉਸ ਤੋਂ ਤੰਗ ਆ ਕੇ ਉਸ ਨੇ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਕੀਤੀ ਸੀ।

## ਕੈਪਟਨ ਨੇ ਹੁਸ਼ਿਆਰਪੁਰ ਕੈਂਸਰ ਸੈਂਟਰ ਦੇ ਨੀਂਹ ਪੱਥਰ ਲਈ ਸਮਾਂ ਹੱਦ ਮਿਥੀ



ਚੰਡੀਗੜ੍ਹ, 31 ਜੁਲਾਈ (ਪੋਸਟ ਬਿਊਰੋ)- ਕੈਂਸਰ ਰੋਗ ਦੇ ਇਲਾਜ ਦੀ ਲੋੜ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਸ਼ਿਆਰਪੁਰ ਵਿਖੇ ਕੈਂਸਰ ਕੇਅਰ ਸੈਂਟਰ ਦਾ ਨੀਂਹ ਪੱਥਰ ਰੱਖਣ ਲਈ ਸਮਾਂ ਹੱਦ 15 ਅਗਸਤ ਮਿਥ ਦਿੱਤੀ ਹੈ। ਰਾਜ ਸਰਕਾਰ ਨੇ ਇਸ ਉੱਚ ਪੱਧਰੀ ਕੈਂਸਰ ਟ੍ਰੀਟਮੈਂਟ ਸੈਂਟਰ ਲਈ 45 ਕਰੋੜ ਰੁਪਏ ਦੇ ਬਜਟ ਦੀ ਵਿਵਸਥਾ ਪਹਿਲਾਂ ਹੀ ਕਰ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਹੋਮੀ ਭਾਬਾ ਕੈਂਸਰ ਹਸਪਤਾਲ ਸੰਗਰੂਰ ਤੇ ਐਡਵਾਂਸ ਕੈਂਸਰ ਡਾਇਗਨਾਸਟਿਕ ਐਂਡ ਟ੍ਰੀਟਮੈਂਟ ਰਿਸਰਚ ਸੈਂਟਰ ਬਠਿੰਡਾ ਵਿਖੇ ਬੁਨਿਆਦੀ ਢਾਂਚੇ ਦਾ ਪੱਧਰ ਉੱਚਾ ਚੁੱਕਣ ਲਈ 174.48 ਕਰੋੜ ਰੁਪਏ ਦੇ ਕਾਰਜਾਂ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ।

ਸਟੇਟ ਕੈਂਸਰ ਐਂਡ ਡਰੱਗ ਡੀ-ਐਡਿਕਸ਼ਨ ਇਨਫ੍ਰਾਸਟਰੱਕਚਰ ਬੋਰਡ (ਸੀ ਏ ਡੀ ਏ) ਦੀ ਮੀਟਿੰਗ ਦੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਲੋੜੀਂਦੇ ਫੰਡ ਜਾਰੀ ਕਰਨ ਨੂੰ ਯਕੀਨੀ ਬਣਾਉਣ ਲਈ ਵਿੱਤ ਵਿਭਾਗ ਨੂੰ ਆਦੇਸ਼ ਦੇ ਦਿੱਤੇ ਹਨ। ਉਨ੍ਹਾਂ ਨੇ ਇਨ੍ਹਾਂ ਪ੍ਰੋਜੈਕਟਾਂ ਦਾ ਕੰਮ ਮਿਥੇ ਸਮੇਂ ਵਿੱਚ ਮੁਕੰਮਲ ਕਰਨ ਲਈ ਫੰਡਾਂ ਦਾ ਹਾਸਲ ਹੋਣਾ ਯਕੀਨੀ ਬਣਾਉਣ ਵਾਸਤੇ ਵੀ ਵਿੱਤ ਵਿਭਾਗ ਨੂੰ ਕਿਹਾ ਹੈ। ਮੁੱਖ ਮੰਤਰੀ ਨੇ ਹੋਰ ਪ੍ਰੋਜੈਕਟਾਂ ਨੂੰ ਵੀ ਸਮੇਂ ਸਿਰ ਮੁਕੰਮਲ ਕਰਨ ਲਈ ਪ੍ਰਿੰਸੀਪਲ ਸੈਕਟਰੀ, ਸਿਹਤ ਨੂੰ ਇਨ੍ਹਾਂ ਦੀ ਪ੍ਰਗਤੀ ਉੱਤੇ ਨਿਯਮਤ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਕੈਂਸਰ ਨਾਲ ਪੀੜਤ ਮਰੀਜ਼ਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਸੀ ਏ ਡੀ ਏ ਫੰਡ ਕੇਵਲ ਇਨ੍ਹਾ ਵਾਸਤੇ ਹੀ ਵਰਤੇ ਜਾਣ ਦਾ ਨਿਰਦੇਸ਼ ਦਿੰਦੇ ਹੋਏ ਮੁੱਖ ਮੰਤਰੀ ਨੇ ਇਨ੍ਹਾਂ ਫੰਡਾਂ ਨੂੰ ਕਿਸੇ ਹੋਰ ਪਾਸੇ ਲਾਉਣ ਵਿਰੁੱਧ ਸਖਤ ਚਿਤਾਵਨੀ ਦਿੱਤੀ ਹੈ।

## ਗਹਿਣੇ ਲੁੱਟ ਕੇ ਔਰਤ ਨੂੰ ਸਿਰ ਵਿੱਚ ਗੋਲੀ ਮਾਰ ਕੇ ਮਾਰਿਆ

ਖੰਨਾ, 31 ਜੁਲਾਈ (ਪੋਸਟ ਬਿਊਰੋ)- ਨੈਸ਼ਨਲ ਹਾਈਵੇ ਉੱਤੇ ਅੱਜਕੱਲ੍ਹ ਲੁਟੇਰਿਆਂ ਦਾ ਖੌਫ ਵਧਦਾ ਜਾ ਰਿਹਾ ਹੈ। ਤਾਜ਼ਾ ਘਟਨਾ ਵਿੱਚ ਕੱਲ੍ਹ ਰਾਤ ਜੀ ਟੀ ਰੋਡ ਉੱਤੇ ਖੰਨਾ ਨੇੜੇ ਪਿੰਡ ਬੀਜਾ ਵਿੱਚ ਲੁਟੇਰਿਆਂ ਨੇ ਇੱਕ ਮਹਿਲਾ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ। ਮੋਟਰ ਸਾਈਕਲ 'ਤੇ ਸਵਾਰ ਹੋ ਕੇ ਆਏ ਚਾਰ ਲੁਟੇਰਿਆਂ ਨੇ ਪਹਿਲਾਂ ਕਾਰ ਸਵਾਰ ਮਹਿਲਾ ਤੋਂ ਸੋਨੇ ਦੇ ਗਹਿਣੇ ਖੋਹ ਲਏ ਤੇ ਫਿਰ ਗੋਲੀ ਮਾਰੀ। ਗੰਭੀਰ ਹਾਲਤ ਵਿੱਚ ਔਰਤ ਨੂੰ ਲੁਧਿਆਣਾ ਦੇ ਐੱਸ ਪੀ ਐੱਸ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ, ਜਿੱਥੇ ਕੱਲ੍ਹ ਸ਼ਾਮ ਉਸ ਦੀ ਮੌਤ ਹੋ ਗਈ।

ਲੁਧਿਆਣਾ ਦੇ ਤਾਜਪੁਰ ਰੋਡ ਦੇ ਵਸਨੀਕ ਰਾਕੇਸ਼ ਕੁਮਾਰ ਆਪਣੀ ਪਤਨੀ ਰਾਧਿਕਾ ਗਾਬਾ (38) ਨਾਲ ਕੱਲ੍ਹ ਰਾਤ ਕਾਰ ਵਿੱਚ ਚੰਡੀਗੜ੍ਹ ਤੋਂ ਲੁਧਿਆਣਾ ਨੂੰ ਆ ਰਹੇ ਸਨ। ਪਿੰਡ ਬੀਜਾ ਨੇੜੇ ਕਰੀਬ 11 ਵਜੇ ਬਾਥਰੂਮ ਜਾਣ ਲਈ ਰਾਕੇਸ਼ ਕੁਮਾਰ ਨੇ ਸੜਕ ਕਿਨਾਰੇ ਕਾਰ ਰੋਕੀ ਤਾਂ ਦੋ ਮੋਟਰ ਸਾਈਕਲਾਂ 'ਤੇ ਸਵਾਰ ਹੋ ਕੇ ਚਾਰ ਹਥਿਆਰਬੰਦ ਲੁਟੇਰੇ ਉਥੇ ਪਹੁੰਚੇ। ਉਨ੍ਹਾਂ ਨੇ ਰਾਧਿਕਾ 'ਤੇ ਪਿਸਤੌਲ ਤਾਣ ਕੇ ਸੋਨੇ ਦੇ ਗਹਿਣੇ ਦੇਣ ਲਈ ਕਿਹਾ। ਰਾਧਿਕਾ ਨੇ ਆਪਣੀ ਸੋਨੇ ਦੀ ਚੇਨ, ਅੰਗੂਠੀ ਤੇ ਪਰਸ ਲੁਟੇਰਿਆਂ ਨੂੰ ਦੇ ਦਿੱਤਾ, ਪਰ ਇੱਕ ਅੰਗੂਠੀ ਦੇਣ ਤੋਂ ਇਨਕਰ ਕੀਤਾ ਤਾਂ ਲੁਟੇਰਿਆਂ ਨੇ ਗੋਲੀ ਚਲਾ ਦਿੱਤੀ, ਜੋ ਰਾਧਿਕਾ ਦੇ ਸਿਰ ਵਿੱਚ ਲੱਗੀ। ਇਸ ਦੇ ਬਾਅਦ ਲੁਟੇਰੇ ਫਰਾਰ ਹੋ ਗਏ।

ਹਨੇਰਾ ਹੋਣ ਕਾਰਨ ਰਾਕੇਸ਼ ਕੁਮਾਰ ਬੀਜਾ ਵਿੱਚ ਵਾਰਦਾਤ ਵਾਲੀ ਥਾਂ ਨਹੀਂ ਪਛਾਣ ਸਕੇ। ਉਹ ਕਾਹਲੀ ਵਿੱਚ ਲਹੂ ਲੁਹਾਨ ਪਤਨੀ ਨੂੰ ਲੈ ਕੇ ਹਸਪਤਾਲ ਪਹੁੰਚੇ। ਜਦ ਉਸ ਤੋਂ ਪੁਲਸ ਨੇ ਜਗ੍ਹਾ ਬਾਰੇ ਪੁੱਛਿਆ ਤਾਂ ਉਸ ਨੂੰ ਸਹੀ ਜਾਣਕਾਰੀ ਨਹੀਂ ਸੀ ਤੇ ਸਿਰਫ ਇਹ ਦੱਸਿਆ ਕਿ ਕਰੀਬ ਛੇ ਕਿਲੋਮੀਟਰ ਪਹਿਲਾਂ ਮੈਕਡਾਨਲਡ ਨਿਕਲਿਆ ਸੀ। ਇਸ ਉਤੇ ਪੁਲਸ ਨੇ ਅਨੁਮਾਨ ਲਾਇਆ ਕਿ ਵਾਰਦਾਤ ਬੀਜਾ ਦੇ ਕਰੀਬ ਪਿੰਡ ਮੋਹਨਪੁਰ ਨੇੜੇ ਹੋਈ ਹੈ। ਪੁਲਸ ਨੂੰ ਕਾਰ ਵਿੱਚੋਂ ਚੱਲਿਆ ਹੋਇਆ ਕਾਰਤੂਸ ਵੀ ਮਿਲਿਆ ਹੈ।

# ਕਾਲਜ ਦੀ ਪ੍ਰੋਫੈਸਰ ਵੀ ਸਾਈਬਰ ਠੱਗੀ ਵਿੱਚ ਫਸ ਕੇ ਲੱਖਾਂ ਗੁਆ ਬੈਠੀ



ਜਲੰਧਰ, 31 ਜੁਲਾਈ (ਪੋਸਟ ਬਿਊਰੋ)- ਐਚ ਐਮ ਵੀ ਕਾਲਜ ਦੀ ਇੱਕ ਅਸਿਸਟੈਂਟ ਪ੍ਰੋਫੈਸਰ ਵੀ ਸਾਈਬਰ ਕ੍ਰਾਈਮ ਵਾਲੇ ਠੱਗਾਂ ਦਾ ਸ਼ਿਕਾਰ ਹੋ ਗਈ ਅਤੇ ਅਪਰਾਧੀਆਂ ਨਾਲ ਫੋਨ 'ਤੇ ਗੱਲ ਕਰਨ ਤੋਂ ਬਾਅਦ ਆਪਣੇ ਖਾਤੇ 'ਚੋਂ 1.80 ਲੱਖ ਰੁਪਏ ਦੇ ਕਰੀਬ ਨਕਦੀ ਗੁਆ ਬੈਠੀ ਹੈ, ਜਿਸ ਬਾਰੇ ਪੁਲਸ ਨੂੰ ਸ਼ਿਕਾਇਤ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਐਚ ਐਮ ਵੀ ਕਾਲਜ ਦੀ ਸਹਾਇਕ ਪ੍ਰੋ. ਬਲਦੀਪ ਕੌਰ 24 ਜੁਲਾਈ ਨੂੰ ਪੰਜਾਬ ਨੈਸ਼ਨਲ ਬੈਂਕ ਦੇ ਆਪਣੇ ਖਾਤੇ ਵਿੱਚੋਂ 500 ਰੁਪਏ ਕਢਵਾਉਣ ਲਈ ਆਂਧਰਾ ਬੈਂਕ ਦੇ ਏ ਟੀ ਐਮ ਵਿਖੇ ਗਈ ਤਾਂ ਕਿਸੇ ਕਾਰਨ 500 ਰੁਪਏ ਮਸ਼ੀਨ ਤੋਂ ਬਾਹਰ ਨਹੀਂ ਆਏ, ਪਰ ਉਸ ਦੇ ਖਾਤੇ ਵਿੱਚੋਂ ਡੈਬਿਟ ਹੋ ਗਏ। ਇਸ ਦੀ ਸ਼ਿਕਾਇਤ ਉਸ ਨੇ ਪੀ ਐਨ ਬੀ ਦੇ ਟੋਲ ਫਰੀ ਨੰਬਰ ਉੱਤੇ ਕੀਤੀ। ਫਿਰ 27 ਜੁਲਾਈ ਨੂੰ ਉਸ ਦੇ ਮੋਬਾਈਲ 'ਤੇ ਨੰਬਰ 62976-98322 ਤੋਂ ਫੋਨ ਆਇਆ ਅਤੇ ਫੋਨ ਕਰਨ ਵਾਲੇ ਨੇ ਆਪਣੇ ਆਪ ਨੂੰ ਪੰਜਾਬ ਨੈਸ਼ਨਲ ਬੈਂਕ ਦਾ ਮੁਲਾਜ਼ਮ ਦੱਸ ਕੇ ਉਸ ਦੀ ਸ਼ਿਕਾਇਤ ਬਾਰੇ ਗੱਲਬਾਤ ਕੀਤੀ, ਪਰ ਉਸ ਨੇ ਇਸ ਤੋਂ ਇਲਾਵਾ ਕੋਈ ਜਾਣਕਾਰੀ ਉਸ ਫੋਨ ਕਰਨ ਵਾਲੇ ਆਦਮੀ ਨੂੰ ਨਹੀਂ ਦਿੱਤੀ ਅਤੇ ਨਾ ਫੋਨ ਉੱਤੇ ਆਏ ਓ ਟੀ ਪੀ ਨੰਬਰ ਬਾਰੇ ਉਸ ਨੂੰ ਦੱਸਿਆ। ਉਸ ਦਿਨ ਤਿੰਨ ਵਾਰ ਉਸ ਠੱਗ ਦਾ ਫੋਨ ਆਇਆ, ਜਿਨ੍ਹਾਂ ਵਿੱਚੋਂ ਇਕ ਵਾਰ ਉਸ ਨੇ ਫੋਨ ਨਹੀਂ ਚੁੱਕਿਆ, ਦੂਜਾ ਫੋਨ ਚੁੱਕਿਆ ਤਾਂ ਗੱਲ ਕਰਦੇ ਹੋਏ ਕੱਟ ਗਿਆ। ਫੋਨ ਕੱਟਣ ਤੋਂ ਬਾਅਦ ਉਸ ਦੇ ਫੋਨ ਉਪਰ ਦੋ ਮੈਸੇਜ ਆਏ, ਜਿਨ੍ਹਾਂ ਵਿੱਚ ਇਕ ਓ ਟੀ ਪੀ ਨੰਬਰ ਤੇ ਦੂਜੇ ਵਿੱਚ ਇਕ ਵੈਬ ਲਿੰਕ ਸੀ। ਉਸ ਨੇ ਜਦ ਵੈਬ ਲਿੰਕ ਉਤੇ ਕਲਿੱਕ ਕੀਤਾ ਤਾਂ ਇਕ ਬਲੈਂਕ ਵੈਬ ਪੇਜ ਖੁੱਲ੍ਹਿਆ, ਜਿਹੜਾ ਕੁਝ ਸੈਕੰਡ ਬਾਅਦ ਆਪਣੇ ਆਪ ਬੰਦ ਹੋ ਗਿਆ। ਇਸ ਤੋਂ ਬਾਅਦ ਸਾਈਬਰ ਠੱਗ ਦਾ ਫਿਰ ਫੋਨ ਆਇਆ ਕਿ ਤੁਹਾਡੀ ਸ਼ਿਕਾਇਤ ਦਾ ਜਲਦੀ ਹੱਲ ਨਿਕਲ ਆਵੇਗਾ। ਐਨੀ ਗੱਲ ਕਰਦਿਆਂ ਹੀ ਫੋਨ ਕੱਟਿਆ ਗਿਆ ਅਤੇ ਉਸ ਤੋਂ ਬਾਅਦ ਇਕ-ਇਕ ਕਰਕੇ ਲਗਾਤਾਰ ਪੰਜ ਮੈਸੇਜ ਉਸ ਦੇ ਫੋਨ 'ਤੇ ਆਏ। ਜਦ ਉਸ ਨੂੰ ਸ਼ੱਕ ਹੋਇਆ ਕਿ ਕੋਈ ਫਰਾਡ ਹੋ ਰਿਹਾ ਹੈ ਤਾਂ ਉਸ ਨੇ ਆਪਣਾ ਡੈਬਿਟ ਕਰਡ ਬੰਦ ਕਰਵਾ ਕੇ ਬੈਂਕ ਖਾਤਾ ਫਰੀਜ਼ ਕਰਵਾ ਦਿੱਤਾ, ਪਰ ਏਨੀ ਦੇਰ ਤੱਕ ਉਸ ਦੇ ਖਾਤੇ ਵਿੱਚ 80 ਹਜ਼ਾਰ ਰੁਪਏ ਦੀ ਇਕ ਅਤੇ 25-25 ਹਜ਼ਾਰ ਰੁਪਏ ਦੀਆਂ ਚਾਰ ਟਰਾਂਜ਼ੈਕਸਨ ਹੋ ਗਈਆਂ। ਅਸਿਸਟੈਂਟ ਪ੍ਰੋਫੈਸਰ ਨੇ ਜਦ ਆਪਣੇ ਬੈਂਕ ਦੀ ਡਿਟੇਲ ਕਢਵਾਈ ਤਾਂ ਜਿਹੜੀਆਂ ਟਰਾਂਜ਼ੈਕਸ਼ਨ ਹੋਈਆਂ ਸਨ, ਉਨ੍ਹਾਂ ਵਿੱਚ 25-25 ਹਜ਼ਾਰ ਦੀਆਂ ਟਰਾਂਜ਼ੈਕਸ਼ਨ ਕਲਕੱਤਾ ਦੇ ਇਕ ਬੈਂਕ ਵਿੱਚ ਹੋਈਆਂ ਅਤੇ ਅੱਸੀ ਹਜ਼ਾਰ ਦੀ ਟਰਾਂਜ਼ੈਕਸ਼ਨ ਜਲੰਧਰ ਦੇ ਪੀ ਐਨ ਬੀ ਬੈਂਕ ਦੀ ਕਿਸੇ ਬਰਾਂਚ ਵਿੱਚ ਹੋਈ ਹੈ। ਪ੍ਰੋਫੈਸਰ ਬਲਦੀਪ ਕੌਰ ਨੂੰ ਸਾਈਬਰ ਠੱਗ ਨੇ ਜਿਹੜੀ ਖਾਤੇ ਦੀ ਡਿਟੇਲ ਦਿੱਤੀ ਸੀ, ਉਹ ਜਾਣਕਾਰੀ ਸਿਰਫ ਬੈਂਕ ਦੇ ਮੁਲਾਜ਼ਮ ਕੋਲ ਹੋ ਸਕਦੀ ਹੈ, ਇਸ ਤੋਂ ਸ਼ੱਕ ਹੈ ਕਿ ਇਸ ਵਿੱਚ ਬੈਂਕ ਦਾ ਵੀ ਕੋਈ ਮੁਲਾਜ਼ਮ ਸ਼ਾਮਲ ਹੈ।



# ਹਾਈ ਕੋਰਟ ਦੇ ਜੱਜ ਉਤੇ ਪਹਿਲੀ ਵਾਰ ਭ੍ਰਿਸ਼ਟਾਚਾਰ ਕੇਸ ਦਰਜ ਹੋਵੇਗਾ

*** ਭਾਰਤ ਦੇ ਚੀਫ ਜਸਟਿਸ ਨੇ ਸੀ ਬੀ ਆਈ ਨੂੰ ਇਜਾਜ਼ਤ ਦਿੱਤੀ**

ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਇਲਾਹਾਬਦ ਹਾਈ ਕੋਰਟ ਦੇ ਸਿਟਿੰਗ ਜੱਜ ਐੱਸ ਐੱਨ ਸ਼ੁਕਲਾ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਕੇਸ ਦਰਜ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

ਭਾਰਤ ਦੇ ਚੀਫ ਜਸਟਿਸ ਰੰਜਨ ਗੋਗੋਈ ਨੇ ਇਹ ਫ਼ੈਸਲਾ ਮੈਡੀਕਲ ਦਾਖ਼ਲਾ ਘੁਟਾਲੇ ਵਿੱਚ ਜਸਟਿਸ ਐੱਸ ਐੱਨ ਸ਼ੁਕਲਾ ਦੇ ਸ਼ਾਮਲ ਹੋਣ ਦੇ ਸਬੂਤ ਮਿਲਣ ਪਿੱਛੋਂ ਲਿਆ ਹੈ।



*ਇਲਾਹਾਬਦ ਹਾਈ ਕੋਰਟ ਦੇ ਸਿਟਿੰਗ ਜੱਜ ਐੱਸ ਐੱਨ ਸ਼ੁਕਲਾ*

ਇਸ ਤੋਂ ਪਹਿਲਾਂ ਚੀਫ ਜਸਟਿਸ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਇਸ ਕੇਸ ਵਿੱਚ ਪਾਰਲੀਮੈਂਟ ਵਿੱਚ ਕਾਰਵਾਈ ਕਰਨ ਲਈ ਕਿਹਾ ਸੀ। ਜਸਟਿਸ ਸ਼ੁਕਲਾ ਉੱਤੇ ਦੋਸ਼ ਹੈ ਕਿ ਉਨ੍ਹਾਂ ਐੱਮ ਬੀ ਬੀ ਐੱਸ ਸਿਲੇਬਸ ਵਿੱਚ ਦਾਖ਼ਲੇ ਲਈ ਪ੍ਰਾਈਵੇਟ ਮੈਡੀਕਲ ਕਾਲਜਾਂ ਦਾ ਪੱਖ ਲਿਆ ਤੇ ਨਾਮਜ਼ਦਗੀ ਦੀ ਤਰੀਕ ਵਧਾ ਕੇ ਮੈਡੀਕਲ ਕਾਲਜਾਂ ਦੀ ਮਦਦ ਕੀਤੀ ਹੈ।

ਵਰਨਣ ਯੋਗ ਹੈ ਕਿ ਕਰੀਬ 30 ਸਾਲ ਪਹਿਲਾਂ 25 ਜੁਲਾਈ ਨੂੰ 1991 ਵਿੱਚ ਵੀਰਾਸਵਾਮੀ ਕੇਸ ਵਿੱਚ ਕਿਸੇ ਵੀ ਜਾਂਚ ਏਜੰਸੀ ਨੂੰ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਕਿਸੇ ਵੀ ਜੱਜ ਦੇ ਖ਼ਿਲਾਫ਼ ਭਾਰਤ ਦੇ ਚੀਫ ਜਸਟਿਸ ਨੂੰ ਦੱਸੇ ਬਿਨਾਂ ਜਾਂਚ ਸ਼ੁਰੂ ਕਰਨ ਲਈ ਕੇਸ ਦਰਜ ਨਾ ਕਰਨ ਦੀ ਹਦਾਇਤ ਦਿੱਤੀ ਗਈ ਸੀ। ਸਾਲ 1991 ਤੋਂ ਪਹਿਲਾਂ ਕਿਸੇ ਵੀ ਏਜੰਸੀ ਨੇ ਕਦੀ ਕਿਸੇ ਕੇਸ ਵਿੱਚ ਹਾਈ ਕੋਰਟ ਦੇ ਕਿਸੇ ਜੱਜ ਖ਼ਿਲਾਫ਼ ਕੇਸ ਦੀ ਜਾਂਚ ਨਹੀਂ ਕੀਤੀ ਸੀ। ਉਸ ਪਿੱਛੋਂ ਪਹਿਲੀ ਵਾਰ ਹੈ ਕਿ ਕਿਸੇ ਏਜੰਸੀ ਨੂੰ ਹਾਈ ਕੋਰਟ ਦੇ ਇੱਕ ਸਿਟਿੰਗ ਜੱਜ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ।

# ਉਨਾਵ ਕੇਸ ਵਿਚ ਕੇਂਦਰ ਸਰਕਾਰ ਨੇ ਸੜਕ ਹਾਦਸੇ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ

ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਉਨਾਵ ਬਲਾਤਕਾਰ ਕੇਸ ਦੀ ਪੀੜਤਾ ਨਾਲ ਵਾਪਰੇ ਸੜਕ ਹਾਦਸੇ ਦੀ ਜਾਂਚ ਕੱਲ੍ਹ ਸੀ ਬੀ ਆਈ ਨੂੰ ਸੌਂਪ ਦਿੱਤੀ ਹੈ।

ਉੱਤਰ ਪ੍ਰਦੇਸ਼ ਸਰਕਾਰ ਨੇ ਰਾਏਬਰੇਲੀ ਵਿੱਚ ਵਾਪਰੇ ਇਸ ਸੜਕ ਹਾਦਸੇ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦੀ ਸਿਫਾਰਸ਼ ਸੋਮਵਾਰ ਦੇਰ ਰਾਤ ਕੀਤੀ ਸੀ। ਰਾਏਬਰੇਲੀ ਵਿੱਚ ਐਤਵਾਰ ਨੂੰ ਬੇਕਾਬੂ ਟਰੱਕ ਨੇ ਕਾਰ ਨੂੰ ਟੱਕਰ ਮਾਰ ਦਿੱਤੀ ਸੀ, ਜਿਸ ਕਾਰਨ ਉਸ ਵਿੱਚ ਸਵਾਰ ਪੀੜਤਾ ਦੀ ਚਾਚੀ ਤੇ ਮਾਸੀ ਦੀ ਮੌਤ ਹੋ ਗਈ, ਜਦ ਕਿ ਉਹ ਅਤੇ ਉਸ ਦਾ ਵਕੀਲ ਗੰਭੀਰ ਜ਼ਖਮੀ ਹੋ ਗਏ ਸਨ। ਸੀ ਬੀ ਆਈ ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਏਜੰਸੀ ਦੁਰਘਟਨਾ ਸੰਬੰਧੀ ਕੇਸ ਦਰਜ ਕਰਨ ਵਾਲੀ ਹੈ। ਏਜੰਸੀ ਨੇ ਆਪਣੇ ਅਧਿਕਾਰੀਆਂ ਨੂੰ ਤਿਆਰ ਰਹਿਣ ਲਈ ਕਿਹਾ ਹੈ, ਜੋ



ਰਾਏਬਰੇਲੀ ਵਿੱਚ ਦੁਰਘਟਨਾ ਵਾਲੀ ਥਾਂ ਦਾ ਦੌਰਾ ਕਰਨਗੇ ਅਤੇ ਗੁਰੂਬਖਸ਼ੀਸ਼ ਥਾਣੇ ਦੇ ਅਧਿਕਾਰੀਆਂ ਤੋਂ ਦੁਰਘਟਨਾ ਦੀ ਜਾਣਕਾਰੀ ਲੈਣਗੇ।

ਕਿਰਤ ਤੇ ਟਰੇਨੀ ਵਿਭਾਗ (ਡੀ ਓ ਪੀ ਟੀ) ਨੇ ਇੱਕ ਹੁਕਮ ਵਿੱਚ ਕਿਹਾ ਹੈ ਕਿ ਦੁਰਘਟਨਾ ਲਈ ਉਕਸਾਉਣ ਤੇ ਇਸ ਦੀ ਸਾਜਿਸ਼ ਦੀ ਜਾਂਚ ਲਈ ਇਹ ਕੇਸ ਸੀ ਬੀ ਆਈ ਨੂੰ ਸੌਂਪ ਦਿੱਤਾ ਗਿਆ ਹੈ। ਪੀੜਤਾ ਨੇ ਭਾਜਪਾ ਦੇ ਵਿਧਾਇਕ ਕੁਲਦੀਪ ਸੇਂਗਰ ਉਤੇ ਬਲਾਤਕਾਰ ਦਾ ਦੋਸ਼ ਲਾਇਆ ਸੀ। ਉੱਤਰ ਪ੍ਰਦੇਸ਼ ਪੁਲਸ ਨੇ ਦੁਰਘਟਨਾ ਦੇ ਕੇਸ ਵਿੱਚ ਸੇਂਗਰ ਤੇ ਨੌਂ ਹੋਰ ਲੋਕਾਂ ਦੇ ਖਿਲਾਫ ਹੱਤਿਆ ਦਾ ਕੇਸ ਦਰਜ ਕੀਤਾ ਸੀ।

ਉਨਾਂਵ ਗੈਂਗਰੇਪ ਦੇ ਦੋਸ਼ੀ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਭਾਜਪਾ ਵਿੱਚੋਂ ਕੱਢਣ ਦੀ ਮੰਗ ਨੂੰ ਲੈ ਕੇ ਕਾਂਗਰਸ ਵਿਧਾਨ ਮੰਡਲ ਦੇ ਨੇਤਾ ਅਜੈ ਕੁਮਾਰ ਦੀ ਅਗਵਾਈ ਹੇਠ ਪਾਰਟੀ ਵਰਕਰ ਧਰਨੇ 'ਤੇ ਬੈਠੇ ਸਨ। ਬਾਅਦ ਵਿੱਚ ਅਜੈ ਕੁਮਾਰ, ਅਖਿਲੇਸ਼ ਸਿੰਘ, ਅਰਾਧਨਾ ਮਿਸ਼ਰਾ, ਸਮਿੱਤਰੀ ਬਾਈ ਫੂਲੇ ਅਤੇ ਹੋਰ ਵਰਕਰ ਭਾਜਪਾ ਦੇ ਹੈਡਕੁਆਰਟਰ ਵੱਲ ਰਵਾਨਾ ਹੋਏ। ਪੁਲਸ ਨੇ ਉਨ੍ਹਾਂ ਉਤੇ ਲਾਠੀਚਾਰਜ ਕੀਤਾ ਅਤੇ ਪਿੱਛੇ ਧੱਕਣ ਦੀ ਕੋਸ਼ਿਸ਼ੇ ਕੀਤੀ ਤੇ ਅਜੈ ਕੁਮਾਰ ਸਮੇਤ ਕਈ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਯੂ ਪੀ ਭਾਜਪਾ ਦੇ ਪ੍ਰਧਾਨ ਸਵਤੰਤਰ ਦੇਵ ਸਿੰਘ ਨੇ ਸਪੱਸ਼ਟ ਕੀਤਾ ਕਿ ਕੁਲਦੀਪ ਸਿੰਘ ਸੇਂਗਰ ਨੂੰ ਪਹਿਲਾਂ ਹੀ ਭਾਜਪ ਵਿੱਚੋਂ ਸਸਪੈਂਡ ਕਰ ਦਿੱਤਾ ਗਿਆ ਸੀ। ਪਾਰਟੀ ਦਾ ਫੈਸਲਾ ਅਜੇ ਕਾਇਮ ਹੈ ਅਤੇ ਸਰਕਾਰ ਪੀੜਤ ਕੁੜੀ ਦੇ ਨਾਲ ਖੜ੍ਹੀ ਹੈ।

# ਗ਼ੈਰ ਹਿੰਦੂ ਡਲਿਵਰੀ ਬੁਆਏ ਆਇਆ ਤਾਂ ਆਰਡਰ ਕੈਂਸਲ ਕੀਤਾ

*** ਡਿਲਿਵਰੀ ਕੰਪਨੀ ਨੇ ਠੋਕਵਾਂ ਜਵਾਬ ਦਿੱਤਾ**

ਨਵੀਂ ਦਿੱਲੀ, 31 ਜੁਲਾਈ (ਪੋਸਟ ਬਿਊਰੋ)- ਆਨਲਾਈਨ ਫੂਡ ਡਲਿਵਰ ਕਰਨ ਵਾਲੀਆਂ ਕੰਪਨੀਆਂ ਆਮ ਤੌਰ ਉੱਤੇ ਗ੍ਰਾਹਕਾਂ ਦੇ ਡਿਲਿਵਰੀ ਨਾ ਲੈਣ ਉੱਤੇ ਪੈਸਾ ਰਿਫੰਡ ਕਰਦੀਆਂ ਹਨ, ਪਰ ਇਕ ਕੇਸ ਵਿੱਚ ਕੰਪਨੀ ਨੇ ਪੈਸੇ ਨਾ ਮੋੜਨ ਦਾ ਜੋ ਜਵਾਬ ਦਿੱਤਾ, ਉਸ ਦੀ ਸੋਸ਼ਲ ਮੀਡੀਆ ਉੱਤੇ ਤਾਰੀਫ਼ ਹੋਈ ਹੈ। ਕਸਟਮਰ ਨੇ ਬੇਤੁਕਾ ਕਾਰਨ ਦੱਸ ਕੇ ਆਨਲਾਈਨ ਫੂਡ ਡਿਲਿਵਰੀ ਕੈਂਸਲ ਕਰ ਕੇ ਪੈਸਾ ਵਾਪਸ ਮੰਗਿਆ ਸੀ, ਜਿਸ ਪਿੱਛੋਂ ਕੰਪਨੀ ਨੇ ਜਵਾਬ ਦਿੱਤਾ ਸੀ।

ਅਸਲ ਵਿੱਚ ਇਹ ਮਾਮਲਾ ਆਨਲਾਈਨ ਕੰਪਨੀ ਜ਼ੋਮੈਟੋ ਨਾਲ ਜੁੜਿਆ ਹੈ। ਇਕ ਕਸਟਮਰ ਨੇ ਆਨਲਾਈਨ ਫੂਡ ਦਾ ਆਰਡਰ ਸਿਰਫ ਇਸ ਲਈ ਕੈਂਸਲ ਕਰ ਦਿੱਤਾ ਕਿ ਉਸ ਦੀ ਡਿਲਿਵਰੀ ਕਰਨ ਵਾਲਾ ਲੜਕਾ ਗੈਰ ਹਿੰਦੂ ਸੀ। ਇਹ ਵਜ੍ਹਾ ਦੱਸ ਕੇ ਉਸ ਕਸਟਮਰ ਨੇ ਆਰਡਰ ਕੈਂਸਲ ਕਰਕੇ ਪੈਸਾ ਮੋੜਨ ਲਈ ਕਿਹਾ ਸੀ। ਕੰਪਨੀ ਨੇ ਆਰਡਰ ਕੈਂਸਲ ਕਰਨ ਦੀ ਅਜਿਹੀ ਬੇਤੁਕੀ ਵਜ੍ਹਾ ਦੱਸਣ ਉੱਤੇ ਪੈਸਾ ਵਾਪਸ ਕਰਨ ਤੋਂ ਮਨ੍ਹਾ ਕਰ ਦਿੱਤਾ। ਇਸ ਉੱਤੇ ਕਸਟਮਰ ਨੇ ਟਵੀਟ ਕਰ ਕੇ ਇਸ ਦੀ ਜਾਣਕਾਰੀ ਯੂਜ਼ਰਜ ਨੂੰ ਦਿੱਤੀ। ਕਸਟਮਰ ਦੇ ਇਸ ਟਵੀਟ ਦੇ ਜਵਾਬ ਵਿੱਚ ਜ਼ੋਮੈਟੋ ਨੇ ਟਵੀਟ ਕੀਤਾ ਸੀ, ਜੋ ਇਸ ਵਕਤ ਸੋਸ਼ਲ ਮੀਡੀਆ ਉੱਤੇ ਯੂਜ਼ਰਜ਼ ਵੱਲੋਂ ਰੱਜ ਕੇ ਸਲਾਹਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕਸਟਮਰ ਅਮਿਤ ਸ਼ੁਕਲਾ ਨੇ ਆਨਲਾਈਨ ਐਪ ਜ਼ੋਮੈਟੋ ਦੇ ਰਾਹੀਂ ਆਨਲਾਈਨ ਫੂਡ ਆਰਡਰ ਕੀਤਾ ਸੀ। ਕੰਪਨੀ ਨੇ ਇਹ ਸਾਮਾਨ ਇਕ ਗ਼ੈਰ ਹਿੰਦੂ ਲੜਕੇ ਕੋਲੋਂ ਡਿਲੀਵਰ ਕਰਾਇਆ ਸੀ। ਇਸ ਦੇ ਬਾਅਦ ਅਮਿਤ ਸ਼ੁਕਲਾ ਨੇ ਟਵੀਟ ਕੀਤਾ ਤੇ ਲਿਖਿਆ ਕਿ ਕੰਪਨੀ ਉਸ ਦਾ ਪੈਸਾ ਵਾਪਸ ਨਹੀਂ ਕਰ ਰਹੀ। ਇਸ ਦੇ ਜਵਾਬ ਵਿੱਚ ਜ਼ੋਮੈਟੋ ਨੇ ਰਿਟਵੀਟ ਕੀਤਾ ਕਿ ਖਾਣੇ ਦਾ ਕੋਈ ਧਰਮ ਨਹੀਂ ਹੁੰਦਾ, ਸਗੋਂ ਖਾਣਾ ਖੁਦ ਧਰਮ ਹੁੰਦਾ ਹੈ।' ਜ਼ੋਮੈਟੋ ਦੇ ਏਦਾਂ ਦੇ ਜਵਾਬ ਤੋਂ ਬਾਅਦ ਸੋਸ਼ਲ ਮੀਡੀਆ ਉੱਤੇ ਇਸ ਦੀ ਤਾਰੀਫ ਹੋਣ ਲੱਗੀ ਹੈ।

# ਰਾਜਸਥਾਨ ਵਿੱਚ ਮੌਬ ਲਿੰਚਿੰਗ ਅਤੇ ਆਨਰ ਕਿਲਿੰਗ ਦੇ ਕੇਸ ਵਿੱਚ ਉਮਰ ਕੈਦ ਹੋਵੇਗੀ

ਜੈਪੁਰ, 31 ਜੁਲਾਈ (ਪੋਸਟ ਬਿਊਰੋ)- ਰਾਜਸਥਾਨ ਵਿੱਚ ਝੂਠੀ ਸ਼ਾਨ ਲਈ ਕਤਲ (ਆਨਰ ਕਿਲਿੰਗ) 'ਤੇ ਮੌਤ ਜਾਂ ਉਮਰ ਕੈਦ ਅਤੇ ਭੜਕੀ ਭੀੜ ਦੀ ਹਿੰਸਾ (ਮੌਬ ਲਿੰਚਿੰਗ) ਵਿੱਚ ਕਿਸੇ ਵਿਅਕਤੀ ਦੀ ਮੌਤ 'ਤੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਵਿਧਾਨ ਸਭਾ ਵਿੱਚ ਕੱਲ੍ਹ ਇਸ ਬਾਰੇ ਬਿੱਲ ਪੇਸ਼ ਕੀਤਾ ਗਿਆ।

ਆਨਰ ਕਿਲਿੰਗ 'ਤੇ ਬਿੱਲ ਪੇਸ਼ ਕਰਨ ਵਾਲਾ ਰਾਜਸਥਾਨ ਸ਼ਾਇਦ ਭਾਰਤ ਦਾ ਪਹਿਲਾ ਸੂਬਾ ਹੈ। ਇਸ ਦੇ ਖਿਲਾਫ ਰਾਜਸਥਾਨ ਸਨਮਾਨ ਅਤੇ ਪਰੰਪਰਾ ਦੇ ਨਾਂਅ ਉਤੇ ਵਿਆਹੁਤਾ ਸੰਬੰਧਾਂ ਦੀ ਆਜ਼ਾਦੀ ਵਿੱਚ ਦਖਲ ਦਾ ਬਿੱਲ ਅਤੇ ਭੜਕੀ ਭੀੜ ਦੀ ਹਿੰਸਾ ਦੇ ਖਿਲਾਫ ਰਾਜਸਥਾਨ ਲਿੰਚਿੰਗ ਤੋਂ ਸੁਰੱਖਿਆ



ਬਿੱਲ ਪੇਸ਼ ਕੀਤੇ ਗਏ। ਸਰਕਾਰ ਨੇ ਦੋਵਾਂ ਅਪਰਾਧਾਂ ਨੂੰ ਗੈਰ ਕਾਨੂੰਨੀ ਅਤੇ ਗੈਰ ਜ਼ਮਾਨਤੀ ਮੰਨਿਆ ਹੈ। ਇਸ ਵਿੱਚ ਕਿਸੇ ਵੀ ਤਰ੍ਹਾਂ ਲੋਕਾਂ ਦੇ ਇਕੱਠੇ ਹੋਣ ਤੇ ਕਿਸੇ ਤਰ੍ਹਾਂ ਦੀ ਖਾਪ ਪੰਚ- ਾਇਤ ਕਰਨ ਨੂੰ ਗੈਰ ਕਾਨੂੰਨੀ ਮੰਨਿਆ ਗਿਆ ਹੈ। ਇਸ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਛੇ ਮਹੀਨੇ ਤੋਂ ਪੰਜ ਸਾਲ ਤੱਕ ਕੈਦ ਅਤੇ ਇੱਕ ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਵਿਆਹ ਕਰਨ ਵਾਲੇ ਜੋੜੇ ਨੂੰ ਪ੍ਰੇਸ਼ਾਨ ਕਰਨਾ ਵੀ ਅਪਰਾਧ ਮੰਨਿਆ ਗਿਆ ਹੈ ਅਤੇ ਦੋ ਤੋਂ ਪੰਜ ਸਾਲ ਤੱਕ ਦੀ ਸਜ਼ਾ ਦਾ ਨਿਯਮ ਹੈ। ਜੇ ਅਜਿਹੇ ਮਾਮਲੇ ਵਿੱਚ ਵਿਆਹ ਕਰਨ ਵਾਲੇ ਜੋੜੇ ਜਾਂ ਇਨ੍ਹਾਂ ਵਿੱਚੋਂ ਕਿਸੇ ਇੱਕ ਦੀ ਹੱਤਿਆ ਕੀਤੀ ਜਾਂਦੀ ਹੈ ਤਾਂ ਸੰਬੰਧਤ ਦੋਸ਼ੀ ਨੂੰ ਮੌਤ ਜਾਂ ਜੀਵਨ ਦੇ ਆਖਰੀ ਸਾਹ ਤੱਕ ਕੈਦ ਅਤੇ ਪੰਜ ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। ਮੌਬ ਲਿੰਚਿੰਗ-ਪੀੜਤ ਦੇ ਜ਼ਖਮੀ ਹੋਣ ਉੱਤੇ ਸੱਤ ਸਾਲ ਕੈਦ ਅਤੇ ਇੱਕ ਲੱਖ ਰੁਪਏ ਤੱਕ ਦਾ ਜੁਰਮਾਨਾ ਅਤੇ ਗੰਭੀਰ ਜ਼ਖਮੀ ਹੋਣ 'ਤੇ ਦਸ ਸਾਲ ਤੱਕ ਸਜ਼ਾ ਅਤੇ 25 ਹਜ਼ਾਰ ਤੋਂ ਤਿੰਨ ਲੱਖ ਰੁਪਏ ਤੱਕ ਦਾ ਜੁਰਮਾਨਾ ਹੋਵੇਗਾ।

## ਹਿੰਦੂ ਮਹਾ ਸਭਾ ਵੱਲੋਂ ਮੰਗ:

# ਭੀੜ ਹੱਤਿਆ ਦਾ ਵਿਰੋਧ ਕਰਨ ਵਾਲਿਆਂ ਉੱਤੇ ਦੇਸ਼ ਧਰੋਹ ਦਾ ਕੇਸ ਦਰਜ ਹੋਵੇ

ਅਲੀਗੜ੍ਹ, 31 ਜੁਲਾਈ (ਪੋਸਟ ਬਿਊਰੋ)- ਭਾਰਤ ਹਿੰਦੂ ਮਹਾ ਸਭਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਭੀੜ ਵੱਲੋਂ ਕੁੱਟ-ਕੁੱਟ ਕੇ ਕੀਤੇ ਜਾਂਦੇ ਕਤਲਾਂ ਦੀਆਂ ਘਟਨਾਵਾਂ ਵਿਰੁੱਧ ਚਿੱਠੀ ਲਿਖਣ ਵਾਲੀਆਂ 49 ਸ਼ਖਸੀਅਤਾਂ ਵਿਰੁੱਧ ਦੇਸ਼-ਧਰੋਹ ਦੇ ਦੋਸ਼ ਹੇਠ ਪਰਚਾ ਦਰਜ ਕਰਨ ਦੀ ਮੰਗ ਕੀਤੀ ਹੈ।

ਪ੍ਰਧਾਨ ਮੰਤਰੀ ਨੂੰ ਭੇਜੇ ਖ਼ੂਨ ਨਾਲ ਲਿਖੇ 101 ਪੱਤਰਾਂ ਵਿੱਚ ਹਿੰਦੂ ਮਹਾ ਸਭਾ ਦੇ ਕਾਰਕੁਨਾਂ ਨੇ ਕਿਹਾ ਹੈ ਕਿ ਇਹੋ ਜਿਹੇ ਗੱਦਾਰਾਂ ਵਿਰੁੱਧ ਦੇਸ਼ ਧਰੋਹ ਦੇ ਦੋਸ਼ ਹੇਠ ਕਾਰਵਾਈ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਮਿਲੇ ਕੌਮੀ ਪੁਰਸਕਾਰ ਵਾਪਸ ਲੈਣੇ ਚਾਹੀਦੇ ਹਨ। ਹਿੰਦੂ ਮਹਾ ਸਭਾ ਦੇ ਕੌਮੀ ਬੁਲਾਰੇ ਅਸ਼ੋਕ ਪਾਂਡੇ ਨਾ ਪੱਤਰਕਾਰਾਂ ਨੂੰ ਕਿਹਾ ਕਿ ਮੁਸਲਮਾਨਾਂ ਤੇ ਦਲਿਤਾਂ ਦੀ ਮੌਬ ਲਿੰਚਿੰਗ ਦਾ ਮੁੱਦਾ ਦੁਨੀਆ ਵਿੱਚ ਭਾਰਤ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੇਠ ਚੁੱਕਿਆ ਜਾਂਦਾ ਹੈ। ਪਾਂਡੇ ਨੇ ਕਿਹਾ ਕਿ ਘੱਟ ਗਿਣਤੀਆਂ ਤੇ ਦਲਿਤਾਂ ਦਾ ਮਸੀਹਾ ਬਣਨ ਦੀ ਕੋਸ਼ਿਸ਼ ਕਰਦੀਆਂ ਇਹ ਹਸਤੀਆਂ ਤੇ ਮਨੁੱਖੀ ਅਧਿਕਾਰ ਸੰਗਠਨ ਓਦੋਂ ਚੁੱਪ ਰਹਿੰਦੇ ਹਨ, ਜਦੋਂ ਕਸ਼ਮੀਰ ਘਾਟੀ ਵਿੱਚ ਹਿੰਦੂਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸ ਦੌਰਾਨ ਇੱਕ ਹੋਰ ਜਥੇਬੰਦੀ ਹਿੰਦੂ ਜਾਗਰਣ ਮੰਚ ਨੇ ਸੜਕ ਉੱਤੇ ਨਮਾਜ਼ ਦੇ ਨਾਲ ਆਰਤੀ ਅਤੇ ਹਨੂਮਾਨ ਚਾਲੀਸਾ ਦੇ ਪਾਠ 'ਤੇ ਰੋਕ ਲਾਉਣ ਵਾਲੇ ਅਲੀਗੜ੍ਹ ਦੇ ਜ਼ਿਲ੍ਹਾ ਅਧਿਕਾਰੀ ਚੰਦਰਭੂਸ਼ਣ ਸਿੰਘ ਨੂੰ ਸਸਪੈਂਡ ਕਰਨ ਦੀ ਮੰਗ ਕਰਦੇ ਹੋਏ ਅਜਿਹਾ ਨਾ ਕਰਨ ਉਤੇ ਦੇਸ਼ ਵਿਆਪੀ ਅੰਦੋਲਨ ਦੀ ਗੱਲ ਕਹੀ।

# ਵਿਆਹ ਤੋਂ ਇਨਕਾਰ ਉੱਤੇ ਪਿਤਾ ਨੇ ਧੀ ਨੂੰ ਮਾਰ ਕੇ ਲਾਸ਼ ਜੰਗਲ ਵਿੱਚ ਦਫਨਾਈ

ਜੰਮੂ/ਸ੍ਰੀਨਗਰ, 31 ਜੁਲਾਈ (ਪੋਸਟ ਬਿਊਰੋ)-ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿੱਚ ਇੱਕ ਪਿਤਾ ਨੇ ਆਪਣੀ ਬੇਟੀ ਦੀ ਹੱਤਿਆ ਕਰ ਕੇ ਲੜਕੀ ਦੀ ਲਾਸ਼ ਜੰਗਲ ਵਿੱਚ ਦਫਨਾ ਦਿੱਤੀ ਹੈ। ਲੜਕੀ ਦਾ ਕਸੂਰ ਇੰਨਾ ਸੀ ਕਿ ਉਸ ਨੇ ਪਿਤਾ ਦੀ ਪਸੰਦ ਦੇ ਲੜਕੇ ਨਾਲ ਵਿਆਹ ਤੋਂ ਇਨਕਾਰ ਕਰ ਦਿੱਤਾ ਸੀ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਦੀ ਪਛਾਣ ਜਾਵੇਦ ਅਹਿਮਦ ਖਾਨ ਪੁੱਤਰ ਰਹਿਮਤ ਉਲਾ ਖਾਨ ਵਾਸੀ ਸ਼ੀਰੀ ਲਾਰੀਦੋਰਾ ਦੇ ਰੂਪ ਵਿੱਚ ਹੋਈ ਹੈ। ਉਹ ਇਲਾਕੇ ਵਿੱਚ ਬੇਕਰੀ ਦੀ ਦੁਕਾਨ ਚਲਾਉਂਦਾ ਸੀ।

ਮਿਲੀ ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਦੋਸ਼ੀ ਨੇ ਆਪਣੀ ਬੇਟੀ ਦੀ ਹੱਤਿਆ ਕਰ ਦਿੱਤੀ ਤੇ ਲਾਸ਼ ਨੂੰ ਸ਼ੀਰੀ ਇਲਾਕੇ ਦੇ ਜੰਗਲ ਵਿੱਚ ਸੁੱਟ ਦਿੱਤਾ। ਦੋਸ਼ੀ ਨੇ ਇੱਕ ਗਲਤੀ ਕੀਤੀ ਕਿ ਇਸ ਹੱਤਿਆ ਬਾਰੇ ਇਲਾਕੇ ਦੇ ਇੱਕ ਵਿਅਕਤੀ ਨੂੰ ਦੱਸ ਦਿੱਤਾ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਤੇ ਉਸ ਨੇ ਕਬੂਲ ਕਰ ਲਿਆ ਕਿ ਉਹ ਆਪਣੀ ਬੇਟੀ ਨੂੰ ਸ਼ੀਰੀ ਦੇ ਜੰਗਲੀ ਖੇਤਰ ਵਿੱਚ ਲੈ ਕੇ ਗਿਆ ਸੀ, ਜਿੱਥੇ ਉਸ ਨੇ ਬੇਟੀ ਦੇ ਸਿਰ 'ਤੇ ਕਿਸੇ ਠੋਸ ਚੀਜ਼ ਨਾਲ ਵਾਰ ਕਰ ਕੇ ਜ਼ਖਮੀ ਕਰ ਦਿੱਤਾ। ਲੜਕੀ ਦੀ ਮੌਕੇ 'ਤੇ ਮੌਤ ਹੋ ਗਈ।

# ਕਰਨਾਟਕ ਵਿੱਚ ਭਾਜਪਾ ਸਰਕਾਰ ਨੇ ਟੀਪੂ ਜੈਅੰਤੀ 'ਤੇ ਰੋਕ ਲਾਈ

ਬੈਂਗਲੁਰੂ, 31 ਜੁਲਾਈ (ਪੋਸਟ ਬਿਊਰੋ)- ਕਰਨਾਟਕ ਦੀ ਭਾਜਪਾ ਸਰਕਾਰ ਨੇ 18ਵੀਂ ਸਦੀ ਦੇ ਮੈਸੂਰ ਸੂਬੇ ਦੇ ਸ਼ਾਸਕ ਟੀਪੂ ਸੁਲਤਾਨ ਦੀ ਜੈਅੰਤੀ ਮਨਾਉਣ 'ਤੇ ਰੋਕ ਲਗ ਦਿੱਤੀ ਹੈ। ਇਹ ਆਦੇਸ਼ ਨਵੀਂ ਯੇਦੀਯੁਰੱਪਾ ਸਰਕਾਰ ਦੇ ਸੱਤਾ ਵਿੱਚ ਆਉਣ ਦੇ ਤਿੰਨ ਦਿਨ ਬਾਅਦ ਭਰੋਸੇ ਦਾ ਵੋਟ ਹਾਸਲ ਕਰਨ ਤੋਂ ਇਕ ਦਿਨ ਪਿੱਛੋਂ ਜਾਰੀ ਹੋਇਆ ਹੈ। ਵਰਨਣ ਯੋਗ ਹੈ ਕਿ ਸਿੱਧਾਰਮਈਆ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ 2015 ਤੋਂ ਨਵੰਬਰ ਨੂੰ ਹਰ ਸਾਲ 10 ਇਸ ਦਿਨ ਨੂੰ ਮਨਾਉਣ ਦਾ ਫੈਸਲਾ ਕੀਤਾ ਸੀ, ਜਿਸ ਨੂੰ ਭਾਜਪਾ ਅਤੇ ਹੋਰਨਾਂ ਦੇ ਵਿਰੋਧ ਦੇ ਬਾਵਜੂਦ ਪਿਛਲੇ ਸਾਲ ਕਾਂਗਰਸ ਅਤ ਜਨਤਾ ਦਲ ਐਸ ਦੀ ਗੱਠਜੋੜ ਸਰਕਾਰ ਨੇ ਜਾਰੀ ਰੱਖਿਆ ਸੀ। ਨਵੇਂ ਆਦੇਸ਼ ਮੁਤਾਬਕ ਵੀਰਾਜਪੇਟ ਦੇ ਵਿਧਾਇਕ ਕੇ ਜੀ ਬੋਪਈਆ ਨੇ ਮੁੱਖ ਮੰਤਰੀ ਯੇਦੀਯੁਰੱਪਾ ਨੂੰ ਪੱਤਰ ਲਿਖ ਕੇ ਸੂਬੇ ਦੇ ਕੰਨੜ ਅਤੇ ਸੰਸਕ੍ਰਿਤੀ ਵਿਭਾਗ ਵੱਲੋਂ ਹਰ ਸਾਲ ਮਨਾਈ ਜਾਣ ਵਾਲੀ ਟੀਪੂ ਜੈਅੰਤੀ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਬੋਪਈਆ ਨੇ ਮੰਗ ਕੀਤੀ ਕਿ ਖਾਸ ਤੌਰ ਉੱਤੇ ਕੋਡਾਗੂ ਜ਼ਿਲੇ 'ਚ ਇਸ ਦਾ ਕਾਫੀ ਵਿਰੋਧ ਹੈ। ਸਾਲ 2015 'ਚ ਰਸਮੀ ਸਮਾਗਮ ਦੌਰਾਨ ਕੋਡਾਗੂ ਜ਼ਿਲੇ 'ਚ ਵਿਆਪਕ ਹਿੰਸਕ ਪ੍ਰਦਰਸ਼ਨ ਦੇਖਣ ਨੂੰ ਮਿਲਿਆ ਸੀ। ਇਸ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਰਕਰ ਕੁਟੱਪਾ ਦੀ ਮੌਤ ਹੋ ਗਈ ਸੀ। ਭਾਜਪਾ ਅਤੇ ਸੱਜੇ ਪੱਖੀ ਸੰਗਠਨਾਂ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਉਨ੍ਹਾਂ ਦੇ ਮੁਤਾਬਕ ਟੀਪੂ ਸੁਲਤਾਨ ਇਕ ਧਾਰਮਿਕ ਰੂਪ ਨਾਲ ਕੱਟੜ ਸ਼ਾਸਕ ਸੀ।


Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)





Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.







FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।





FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



NEED A LAWYER ??
KAUR LAW OFFICE
Red Seal NOTARY





MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



## ਪਲਾਸਟਿਕ ਦੀਆਂ ਬੋਤਲਾਂ ਬਦਲੇ ਮਿਲਣਗੀਆਂ ਮੈਟਰੋ ਟਿਕਟਾਂ



ਮਿਲਾਨ (ਇਟਲੀ), 31 ਜੁਲਾਈ (ਪੋਸਟ ਬਿਊਰੋ)- ਪਲਾਸਟਿਕ ਦੀਆਂ ਜੂਸ ਅਤੇ ਪਾਣੀ ਵਾਲੀਆਂ ਬੋਤਲਾਂ ਜਿਹੜੀਆਂ ਕਿ ਵਰਤੋਂ ਦੇ ਬਾਅਦ ਕੱਚੜੇ 'ਚ ਪਈਆਂ ਸ਼ੁੱਧ ਵਾਤਾਵਰਨ ਨੂੰ ਦੂਸ਼ਿਤ ਕਰਦੀਆਂ ਹਨ, ਤੋਂ ਬਚਣ ਲਈ ਸਾਰੇ ਮੁਲਕਾਂ ਦੀਆਂ ਸਰਕਾਰਾਂ ਲੋਕਾਂ ਨੂੰ ਜਾਗਰੂਕ ਲਈ ਅਨੇਕਾਂ ਕਾਰਵਾਈਆਂ ਚਲਾ ਰਹੀਆਂ ਹਨ।

ਇਸੇ ਤਰ੍ਹਾਂ ਇਟਲੀ ਦੀ ਰਾਜਧਾਨੀ ਰੋਮ ਵਿਖੇ ਪਹਿਲੀ ਵਾਰ ਮੈਟਰੋ ਟਰੇਨ ਸਟੇਸ਼ਨਾਂ 'ਤੇ ਪਲਾਸਟਿਕ ਬੋਤਲਾਂ ਦੀ ਰੀਸਾਈਕਲਿੰਗ ਕਰਨ ਲਈ ਵਿਸੇਸ਼ ਮਸ਼ੀਨਾਂ ਰੋਮ ਪ੍ਰਸ਼ਾਸਨ ਵੱਲੋਂ ਲਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਪਲਾਸਟਿਕ ਦੀਆਂ ਬੋਤਲਾਂ ਪਾਉਣ ਉਤੇ ਮੈਟਰੋ ਵਿੱਚ ਸਫਰ ਕਰਨ ਵਾਲਿਆਂ ਨੂੰ ਮੈਟਰੋ ਟਰੇਨ ਦੀਆਂ ਟਿਕਟਾਂ ਮਿਲਣਗੀਆਂ।

ਇਨ੍ਹਾਂ ਮਸ਼ੀਨਾਂ ਨਾਲ ਜਿਥੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇਗਾ, ਉਥੇ ਇਸ ਨਾਲ ਲੋਕਾਂ ਦੇ ਪੈਸੇ ਦੀ ਬਚਤ ਹੋਵੇਗੀ। ਪ੍ਰਸ਼ਾਸਨ ਨੇ ਰਾਜਧਾਨੀ ਦੀਆਂ ਮੈਟਰੋ ਏ, ਮੈਟਰੋ ਬੀ ਅਤੇ ਮੈਟਰੋ ਸੀ ਟਰੇਨਾਂ ਦੇ ਸਟੇਸ਼ਨ ਪਿਰਾਮਿਡ, ਸੰਨ ਜਓਵਾਨੀ ਅਤੇ ਚਿਪਰੋ ਆਦਿ ਉੱਤੇ ਇਨ੍ਹਾਂ ਮਸ਼ੀਨਾਂ ਨੂੰ ਲਾਇਆ ਹੈ, ਜਿਥੋਂ ਪਲਾਸਟਿਕ ਦੀਆਂ 30 ਬੋਤਲਾਂ ਦੇ ਬਦਲੇ ਇਕ ਮੈਟਰੋ ਟਰੇਨ ਦੀ ਟਿਕਟ ਮਿਲੇਗੀ। ਇਕ ਪਲਾਸਟਿਕ ਬੋਤਲ ਦੀ ਕੀਮਤ ਪੰਜ ਸੈਂਟ (ਪੰਜ ਪੈਸੇ) ਰੱਖੀ ਗਈ ਹੈ।

ਰੋਮ ਦੇ ਮੇਅਰ ਵਿਰਜੀਨੀਆ ਰਾਜੀ ਨੇ ਇਸ ਬਾਰੇ ਕਿਹਾ ਕਿ ਯੂਰਪ ਦੀ ਵੱਡੀ ਰਾਜਧਾਨੀ ਰੋਮ ਵਿਖੇ ਪਹਿਲੀ ਵਾਰ ਇਸ ਪ੍ਰਣਾਲੀ ਨੂੰ ਸ਼ੁਰੂ ਕਰ ਰਹੇ ਹਾਂ। ਪਿਛਲੇ ਸਾਲ ਤੁਰਕੀ ਦੀ ਰਾਜਧਾਨੀ ਇਸਤਾਂਬੁਲ ਵਿਖੇ ਇਸ ਪ੍ਰਣਾਲੀ ਨੂੰ ਸ਼ੁਰੂ ਕੀਤਾ ਗਿਆ ਹੈ। ਰੋਮ ਵਿਖੇ ਇਸ ਪ੍ਰਣਾਲੀ ਨੂੰ ਚੈਕ ਕਰਨ ਲਈ 12 ਮਹੀਨੇ ਦਾ ਸਮਾਂ ਰੱਖਿਆ ਗਿਆ ਹੈ।

ਇਸ ਸ਼ਲਾਘਾ ਯੋਗ ਕਾਰਵਾਈ ਲਈ ਇਟਲੀ ਦੇ ਵਾਤਾਵਰਨ ਮੰਤਰੀ ਸੇਰਜਿਓ ਕੋਸਤਾ ਨੇ ਕਿਹਾ ਹੈ ਕਿ ਇਹ ਵਧੀਆ ਉਪਰਾਲਾ ਹੈ, ਜਿਸ ਦਾ ਲਾਭ ਲੈਣ ਲਈ ਇਕੋ ਜਿਹੀ ਪਲਾਸਟਿਕ ਦੀ ਵਰਤੋਂ ਕਰਨੀ ਹੋਵੇਗੀ। ਇਸ ਨਾਲ ਵਪਾਰ ਵੀ ਕੀਤਾ ਜਾ ਸਕਦਾ ਹੈ।

### ਯੂ ਐਨ ਦੀ ਰਿਪੋਰਟ

# ਅਕਾਇਦਾ ਕਮਜ਼ੋਰ ਨਹੀਂ ਹੋਇਆ, ਲਸ਼ਕਰ-ਏ-ਤੋਇਬਾ ਨਾਲ ਸਹਿਯੋਗ ਜਾਰੀ

ਯੂ ਐਨ, 31 ਜੁਲਾਈ (ਪੋਸਟ ਬਿਊਰੋ)- ਯੂ ਐਨ ਦੀ ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੱਤਵਾਦੀ ਸੰਗਠਨ ਅਲ ਕਾਇਦਾ ਕਮਜ਼ੋਰ ਨਹੀਂ ਪਿਆ ਅਤੇ ਪਾਕਿਸਤਾਨ ਵਿੱਚੋਂ ਚੱਲਦੇ ਲਸ਼ਕਰ-ਏ-ਤੋਇਬਾ ਅਤੇ ਹੱਕਾਨੀ ਨੈਟਵਰਕ ਆਦਿ ਦੇ ਨਾਲ ਉਸ ਦੇ ਸਹਿਯੋਗ ਦਾ ਸਿਲਸਿਲਾ ਜਾਰੀ ਹੈ, ਪਰ ਉਸ ਦੇ ਸਰਗਣਾ ਅਈਮਾਨ ਅਲ ਜਵਾਹਿਰੀ ਦੀ ਸਿਹਤ ਤੇ ਉਸ ਦੇ ਬਾਅਦ ਸੰਗਠਨ ਦੇ ਕੰਮ ਕਰਨ ਦੇ ਤਰੀਕੇ ਬਾਰੇ ਸ਼ੱਕ ਬਰਕਰਾਰ ਹੈ।



ਇਸ ਰਿਪੋਰਟ ਦੇ ਮੁਤਾਬਕ ਅਲ ਕਾਇਦਾ ਅਫਗਾਨਿਸਤਾਨ ਨੂੰ ਆਪਣੀ ਅਗਵਾਈ ਲਈ ਸੁਰੱਖਿਅਤ ਪਨਾਹਗਾਹ ਮੰਨਦਾ ਰਿਹਾ ਹੈ ਤੇ ਇਸ ਦੇ ਲਈ ਉਹ ਤਾਲਿਬਾਨ ਦੇ ਨਾਲ ਆਪਣੇ ਲੰਬੇ ਅਤੇ ਮਜ਼ਬੂਤ ਸੰਬੰਧਾਂ 'ਤੇ ਨਿਰਭਰ ਰਹਿੰਦਾ ਹੈ। ਰਿਪੋਰਟ ਵਿੱਚ ਦਰਜ ਹੈ ਕਿ ਤਾਲਿਬਾਨ ਦੇ ਸਹਾਰੇ ਅਲ ਕਾਇਦਾ ਬਦਖਸ਼ਾਂ ਪ੍ਰਾਂਤ, ਖਾਸ ਕਰਕੇ ਤਾਜਿਕੀਸਤਾਨ ਦੇ ਨਾਲ ਲੱਗਦੇ ਸ਼ਿਗਨਾਨ ਇਲਾਕੇ ਨਾਲ ਪਕਤਿਕਾ ਪ੍ਰਾਂਤ ਦੇ ਬਾਰਮਲ ਵਿੱਚ ਆਪਣੀ ਹੋਂਦ ਮਜ਼ਬੂਤ ਕਰਨ ਦਾ ਇੱਛੁਕ ਹੈ।

ਇਹ ਖੁਲਾਸੇ ਵਿਸ਼ਲੇਸ਼ਣਾਂ ਦੇ ਪੱਖ ਅਤੇ ਪਾਬੰਦੀ ਸ਼ੁਦਾ ਨਿਗਰਾਨੀ ਟੀਮ ਦੀ 24ਵੀਂ ਰਿਪੋਰਟ ਵਿੱਚ ਹੋਏ ਹਨ, ਜੋ ਯੂ ਐਨ ਸੁਰੱਖਿਆ ਕੌਂਸਲ ਦੀ ਅਲ ਕਾਇਦਾ ਪਾਬੰਦੀਸ਼ੁਦਾ ਕਮੇਟੀ ਨੂੰ ਇਸ ਮਹੀਨੇ ਸੌਂਪੀ ਗਈ ਹੈ। ਯੂ ਐਨ ਦੀ ਰਿਪੋਰਟ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਪਿਛਲੇ ਸਾਲ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਲੜਾਈ ਵਿੱਚ 12000 ਤੋਂ ਵੱਧ ਬੱਚੇ ਮਾਰੇ ਗਏ ਜਾਂ ਜ਼ਖਮੀ ਹੋਏ। ਇਨ੍ਹਾਂ ਵਿੱਚ ਸਭ ਤੋਂ ਵੱਧ ਬੱਚੇ ਅਫਗਾਨਿਸਤਾਨ, ਫਿਲਸਤੀਨ, ਸੀਰੀਆ ਅਤੇ ਯਮਨ ਵਿੱਚ ਮਾਰੇ ਗਏ। ਯੂ ਐਨ ਦੇ ਜਨਰਲ ਸਕੱਤਰ ਐਂਟੋਨੀਓ ਗੁਤਾਰੇਸ ਨੇ ਇਕ ਰਿਪੋਰਟ ਵਿੱਚ ਦੱਸਿਆ ਕਿ ਇਹ ਮੌਤਾਂ ਜਾਂ ਸੱਟ ਪਹੁੰਚਾਉਣਾ ਬੱਚਿਆਂ ਦੇ ਖਿਲਾਫ ਹੋਣ ਵਾਲੇ ਉਨ੍ਹਾਂ 24000 ਤੋਂ ਵੱਧ 'ਕਰੂਰ ਹਿੰਸਾ' ਵਿੱਚ ਸ਼ਾਮਲ ਹੈ, ਜਿਨ੍ਹਾਂ ਦੀ ਯੂ ਐਨ ਨੇ ਪੁਸ਼ਟੀ ਕੀਤੀ ਹੈ। ਇਨ੍ਹਾਂ ਵਿੱਚ ਲੜਾਕਿਆਂ ਵੱਲੋਂ ਬੱਚਿਆਂ ਦਾ ਵਰਤਿਆ ਜਾਣਾ ਜਾਂ ਉਨ੍ਹਾਂ ਦੀ ਨਿਯੁਕਤੀ ਕਰਨਾ, ਯੌਨ ਹਿੰਸਾ, ਅਗਵਾ ਅਤੇ ਸਕੂਲਾਂ ਅਤੇ ਹਸਪਤਾਲਾਂ 'ਤੇ ਹਮਲੇ ਸ਼ਾਮਲ ਹਨ। ਬੱਚਿਆਂ ਦੇ ਖਿਲਾਫ ਕਰੂਰ ਅਪਰਾਧ ਕਰਨ ਵਾਲੇ ਦੇਸ਼ਾਂ ਨੂੰ ਯੂ ਐਨ ਦੀ ਕਾਲੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ, ਪਰ ਇਸ ਸੂਚੀ ਵਿੱਚ ਹੁਣ ਵੀ ਕੋਈ ਬਦਲਾਅ ਨਹੀਂ ਹੋਇਆ ਹੈ, ਜਿਸ ਨਾਲ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੇ ਕਈ ਸਮੂਹਾਂ ਵਿੱਚ ਗੁੱਸਾ ਹੈ।

## ਲਿਵਰ ਫੇਲ੍ਹ ਹੋਣ ਉੱਤੇ ਟਰਾਂਸਪਲਾਂਟ ਤੋਂ ਬਿਨਾਂ ਠੀਕ ਹੋ ਸਕੇਗਾ

ਨਿਊ ਯਾਰਕ, 31 ਜੁਲਾਈ (ਪੋਸਟ ਬਿਊਰੋ)- ਖੋਜਕਾਰਾਂ ਨੇ ਇੱਕ ਨਵੇਂ ਸੈੱਲ ਟਾਈਪ ਦੀ ਖੋਜ ਕੀਤੀ ਹੈ, ਜੋ ਲਿਵਰ ਦੇ ਟਿਸ਼ੂਆਂ ਨੂੰ ਦੁਬਾਰਾ ਜੈਨਰੇਟ ਕਰਨ ਵਿੱਜ ਮਦਦ ਕਰ ਸਕਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਲਿਵਰ ਫੇਲ੍ਹ ਹੋਣ ਦੇ ਮਾਮਲੇ ਵਿੱਚ ਟਰਾਂਸਪਲਾਂਟ ਦੇ ਬਿਨਾਂ ਹੀ ਮਰੀਜ਼ ਨੂੰ ਠੀਕ ਕੀਤਾ ਜਾ ਸਕੇਗਾ।

ਲੰਡਨ ਦੇ ਕਿੰਗਸ ਕਾਲਜ ਦੇ ਵਿਗਿਆਨੀਆਂ ਨੇ ਸਿੰਗਲ ਸੈੱਲ ਆਰ ਐੱਨ ਏ ਸੀਕਵੈਂਸ ਦੀ ਵਰਤੋਂ ਕਰਦੇ ਹੋਏ ਹਿਪੈਟੋਬਿਲੀਅਰੀ ਹਾਈਬ੍ਰਿਡ ਪ੍ਰੋਜੈਨੇਟਰ ਸੈੱਲਸ ਨੂੰ ਲੱਭਣਾ ਹੈ, ਜੋ ਮਾਂ ਦੀ ਕੁੱਖ ਵਿੱਚ ਬੱਚੇ ਦੇ ਵਿਕਾਸ ਦੌਰਾਨ ਉਸ ਸਮੇਂ ਪਾਇਆ ਜਾਂਦਾ ਹੈ। ਇਹ ਸੈੱਲ ਘੱਟ ਮਾਤਰਾ ਵਿੱਚ ਬਾਲਗ ਵਿੱਚ ਵੀ ਪਾਏ ਜਾਂਦੇ ਹਨ, ਜਿਹੜੇ ਲਿਵਰ ਨੂੰ ਦੋ ਮੁੱਖ ਸੈੱਲ ਹੀਪੈਟੋਸਾਈਟਸ ਅਤੇ ਕੋਲੈਂਗਿਸਾਈਟਸ ਦੇ ਰੂਪ ਵਿੱਚ ਵਿਕ-ਸਿਤ ਹੋ ਸਕਦੇ ਹਨ। ਇਸ ਵਿੱਚ ਹੀਪੈਟੋਸਾਈਟਸ ਹਾਈਬ੍ਰਿਡ ਪ੍ਰੋਜੈਨੀਟਰ (ਐੱਚ ਐੱਚ ਵਾਈ ਪੀ) ਨੂੰ ਸਟੈਮ ਵਰਗੀ ਪ੍ਰਾਪਰਟੀਜ਼ ਮਿਲ ਸਕਦੀ ਹੈ, ਜਿਸ ਵਿੱਚ ਸੈੱਲਸ ਫਿਰ ਤੋਂ ਬਣਨ ਲੱਗਦੇ ਹਨ। ਨੇਚਰ ਕਮਿਊਨੀਕੇਸ਼ਨ ਜਨਰਲ 'ਚ ਛਪੀ ਇਸ ਸਰਚ ਵਿੱਚ ਐੱਚ ਐੱਚ ਵੀ ਪੀ ਉਤੇ ਜਾਂਚ ਕੀਤੀ ਗਈ ਤੇ ਪਾਇਆ ਗਿਆ ਕਿ ਇਹ ਚੂਹਿਆਂ 'ਚ ਪਾਏ ਜਾਣ ਵਾਲੇ ਸਟੈਮ ਸੈੱਲਸ ਨਾਲ ਮੇਲ ਖਾਂਦਾ ਹੈ, ਜੋ ਉਨ੍ਹਾਂ ਦੇ ਲੀਵਰ ਨੂੰ ਨੁਕਸਾਨ ਹੋਣ 'ਤੇ ਉਸ ਦੀ ਤੇਜ਼ ਰਿਕਵਰੀ ਵਿੱਚ ਮਦਦ ਕਰਦਾ ਹੈ। ਇਸ ਬਾਰੇ ਕਿੰਗਸ ਕਾਲਜ ਲੰਡਨ ਦੇ ਤਾਮਿਰ ਰਾਸ਼ਿਦ ਨੇ ਕਿਹਾ ਕਿ ਪਹਿਲੀ ਵਾਰ ਅਸੀਂ ਅਜਿਹੇ ਸੈੱਲ ਲੱਭੇ ਹਨ, ਜਿਨ੍ਹਾਂ ਵਿੱਚ ਸਟੈਮ ਸੈਲਸ ਦੀ ਪ੍ਰਾਪਰਟੀਜ਼ ਹੈ, ਜੋ ਮਨੁੱਖੀ ਲਿਵਰ ਵਿੱਚ ਵੀ ਹਨ। ਇਸ ਖੋਜ ਨਾਲ ਲਿਵਰ ਨਾਲ ਜੁੜੀਆਂ ਬਿਮਾਰੀਆਂ ਤੇ ਉਸ ਤੋਂ ਹੋਏ ਨੁਕਸਾਨ ਨੂੰ ਠੀਕ ਕਰਨ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਦੀ ਖੋਜ ਕੀਤੀ ਜਾ ਸਕਦੀ ਹੈ। ਇਸ ਨਾਲ ਲਿਵਰ ਟਰਾਂਸਪਲਾਂਟ ਦੀ ਲੋੜ ਨਹੀਂ ਪੈਂਦੀ। ਸਿਰਫ ਇਨ੍ਹਾਂ ਸੈੱਲਾਂ ਨੂੰ ਅਨਲਾਕ ਕਰਨ ਦੀ ਰੈਸਪੀ ਲੱਭਣੀ ਪੈਂਦੀ ਹੈ ਤਾਂ ਕਿ ਮਰੀਜ਼ਾਂ ਦੇ ਲਿਵਰ 'ਚ ਟ੍ਰਾਂਸਫਰ ਕੀਤਾ ਜਾ ਸਕੇ। ਇਸ ਦੀ ਸੰਭਾਵਨਾ ਵੀ ਹੈ ਕਿ ਇਸ ਸਟੱਡੀ 'ਤੇ ਅੱਗੇ ਹੋਰ ਕੰਮ ਕੀਤਾ ਜਾਵੇ ਤਾਂ ਸਰੀਰ ਵਿੱਚ ਹੇਪੇਟੋਬਿਲਰੀ ਪ੍ਰੋਜੈਨੇਟਰ ਨੂੰ ਦਵਾਈਆਂ ਦੀ ਮਦਦ ਨਾਲ ਫਿਰ ਤੋਂ ਪ੍ਰੋਗਰਾਮ ਕਰਨ ਦਾ ਤਰੀਕਾ ਵੀ ਲੱਭਿਆ ਜਾ ਸਕਦਾ ਹੈ, ਜਿਸ ਨਾਲ ਟਰਾਂਸਫਰ ਦੀ ਲੋੜ ਖਤਮ ਹੋ ਜਾਵੇਗੀ।

ਇੱਕ ਤਾਜ਼ਾ ਅਧਿਐਨ ਮੁਤਾਬਕ ਹਾਈ ਕੋਲੈਸਟਰੋਲ ਅਲਜ਼ਾਈਮਰ ਬਿਮਾਰੀ ਦਾ ਕਾਰਨ ਹੋ ਸਕਦਾ ਹੈ। ਇੰਨਾ ਹੀ ਨਹੀਂ, ਇਸ ਦੇ ਕਾਰਨ ਰੋਗੀ ਖਤਰਨਾਕ ਦਿਮਾਗੀ ਬਿਮਾਰੀ ਦਾ ਸ਼ਿਕਾਰ ਵੀ ਹੋ ਸਕਦਾ ਹੈ।

## ਦੁਬਈ ਦੇ ਰਾਜੇ ਤੇ ਉਸ ਦੀ ਪਤਨੀ ਦਾ ਤਲਾਕ ਕੇਸ ਲੰਡਨ ਕੋਰਟ ਵਿੱਚ ਸ਼ੁਰੂ



ਲੰਡਨ, 31 ਜੁਲਾਈ (ਪੋਸਟ ਬਿਊਰੋ)- ਦੁਬਈ ਦੇ ਰਾਜਾ ਸ਼ੇਖ ਮੁਹੰਮਦ ਅਲ ਮਕਤੋਮ ਅਤੇ ਉਸ ਦੀ ਪਤਨੀ ਰਾਜਕੁਮਾਰੀ ਹਾਇਆ ਬਿੰਤ ਅਲ ਹੁਸੈਨ ਦਾ ਲੰਡਨ ਦੀ ਅਦਾਲਤ ਵਿੱਚ ਤਲਾਕ ਕੇਸ ਸ਼ੁਰੂ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਮਹੀਨੇ ਰਾਜਕੁਮਾਰੀ ਹੁਸੈਨ ਲੰਡਨ ਵਿੱਚ ਆ ਕੇ ਲੁਕ ਗਈ ਸੀ ਅਤੇ ਉਸ ਨੇ ਆਪਣੀ ਜਾਨ ਨੂੰ ਖਤਰਾ ਹੋਣ ਦੀ ਰਿਪੋਰਟ ਦਰਜ ਕਰਵਾਈ ਸੀ। ਯੂ ਕੇ ਅਦਾਲਤ ਵੱਲੋਂ ਜ਼ਿਆਦਾ ਧਿਆਨ ਉਸ ਦੇ ਬੱਚਿਆਂ ਉਤੇ ਦਿੱਤਾ ਜਾ ਰਿਹਾ ਹੈ, ਜੋ ਉਸ ਨਾਲ ਯੂ ਕੇ ਵਿੱਚ ਆਏ ਸਨ। ਰਾਜਕੁਮਾਰੀ ਹਾਇਆ ਪਿੱਛੋਂ ਜੋਰਡਨ ਦੀ ਜਨਮੀ ਹੈ ਤੇ ਉਸ ਨੇ ਬ੍ਰਿਟੇਨ ਦੇ ਇਕ ਪ੍ਰਾਈਵੇਟ ਸਕੂਲ ਤੋਂ ਵਿੱਦਿਆ ਹਾਸਲ ਕੀਤੀ ਸੀ, ਉਹ ਜੋਰਡਨ ਦੇ ਬਾਦਸ਼ਾਹ ਕਿੰਗ ਅਬਦੁੱਲਾ ਦੂਜੇ ਦੀ ਰਿਸ਼ਤੇ ਵਿੱਚੋਂ ਭੈਣ ਹੈ। ਹੁਸੈਨ ਨੇ 2004 ਵਿੱਚ ਸ਼ੇਖ ਮੁਹੰਮਦ ਨਾਲ ਵਿਆਹ ਕਰਾਇਆ ਸੀ, ਜੋ ਸ਼ੇਖ ਦੀ ਛੇਵੀਂ ਅਤੇ ਸਭ ਤੋਂ ਛੋਟੀ ਪਤਨੀ ਬਣੀ। 70 ਸਾਲਾ ਸ਼ੇਖ ਅਰਬਪਤੀ ਅਤੇ ਗੋਡਲਫਿਨ ਘੋੜ ਦੌੜਾਂ ਦਾ ਮਾਲਕ ਹੈ।

ਮਿਲੀ ਜਾਣਕਾਰੀ ਅਨੁਸਾਰ ਰਾਜਾ ਸ਼ੇਖ ਮੁਹੰਮਦ ਅਲ ਮਕਤੋਮ ਵੱਖ-ਵੱਖ ਪਤਨੀਆਂ ਤੋਂ ਜਨਮੇਂ 23 ਬੱਚਿਆਂ ਦਾ ਬਾਪ ਹੈ। ਰਾਜਕੁਮਾਰੀ ਹਾਇਆ ਨੇ ਪਿੱਛੇ ਜਿਹੇ ਜਰਮਨੀ ਜਾ ਕੇ ਰਾਜਸੀ ਸ਼ਰਨ ਲੈਣ ਦੀ ਕੋਸ਼ਿਸ਼ ਕੀਤੀ ਸੀ, ਪਰ ਇਸ ਮਹੀਨੇ ਉਹ ਕੇਂਦਰੀ ਲੰਡਨ ਦੇ 85 ਮਿਲੀਅਨ ਪੌਂਡ ਦੇ ਘਰ ਕਿੰਗਸਟਨ ਪੈਲੇਸ ਗਾਰਡਨ ਵਿੱਚ ਰਹੀ ਸੀ। ਮੰਨਿਆ ਜਾਂਦਾ ਹੈ ਕਿ ਰਾਜਕੁਮਾਰੀ ਹਾਇਆ ਯੂ ਕੇ ਵਿੱਚ ਰਹਿਣਾ ਚਾਹੁੰਦੀ ਹੈ, ਪਰ ਜੇ ਉਸ ਦੇ ਪਤੀ ਨੇ ਦੁਬਈ ਵਾਪਸ ਸੱਦਣ ਦੀ ਮੰਗ ਕਰ ਦਿੱਤੀ ਤਾਂ ਬ੍ਰਿਟੇਨ ਲਈ ਵੱਡੀ ਸਿਰਦਰਦੀ ਬਣ ਸਕਦੀ ਹੈ, ਕਿਉਂਕਿ ਯੂ ਕੇ ਅਤੇ ਯੂ ਏ ਈ ਵਿਚਕਾਰ ਲੰਮੇ ਸਮੇਂ ਤੋਂ ਚੰਗੇ ਸਬੰਧ ਹਨ। ਹਾਇਆ ਦੇ ਜਾਣ ਤੋਂ ਬਾਅਦ ਸ਼ੇਖ ਮੁਹੰਮਦ ਨੇ ਇਕ ਗੁੱਸੇ ਭਰੀ ਕਵਿਤਾ ਸੋਸ਼ਲ ਮੀਡੀਆ ਉਤੇ ਸਾਂਝੀ ਕੀਤੀ ਸੀ। ਖਬਰਾਂ ਇਹ ਹਨ ਕਿ ਹਾਇਆ ਆਪਣੇ ਇਕ ਬ੍ਰਿਟਿਸ਼ ਅੰਗ ਰੱਖਿਅਕ ਨਾਲ ਯੂ ਕੇ ਭੱਜ ਆਈ ਸੀ। ਕੁਝ ਸਮੇਂ ਤੋਂ ਉਹ ਨਿੱਜੀ ਅੰਗ ਰੱਖਿਅਕ ਨਾਲ ਵੱਖ-ਵੱਖ ਥਾਵਾਂ 'ਤੇ ਜਾਂਦੀ ਰਹੀ ਸੀ।

## 31 ਅਕਤੂਬਰ ਨੂੰ ਯੂ ਕੇ ਵੱਲੋਂ ਯੂਰਪ ਛੱਡਣ ਦੀ ਤਿਆਰੀ ਦੇ ਲਈ ਨਵੀਆਂ ਕਮੇਟੀਆਂ ਦਾ ਗਠਨ

ਲੰਡਨ, 31 ਜੁਲਾਈ (ਪੋਸਟ ਬਿਊਰੋ)- ਯੂਰਪੀ ਯੂਨੀਅਨ ਨੂੰ ਛੱਡਣ ਲਈ ਤੈਅ ਹੋਈ 31 ਅਕਤੂਬਰ 2019 ਦੀ ਤਰੀਕ ਬਾਰੇ ਯੂ ਕੇ ਵੱਲੋਂ ਹਰ ਹਾਲਤ ਵਿੱਚ ਤਿਆਰੀ ਕੀਤੀ ਜਾ ਰਹੀ ਹੈ।



